ਬਿਦਜਾਰਥੀਆਂ ਲਈ ਸਿੱਖਜਾ ਦੀ ਸ੍ਰੇਣੀ॥

# ਪੰਜਾਬੀ ਦੀ ਤੀਜੀ ਪੋਥੀ॥

ਕਿ ਜਿਸ ਨੂੰ

ਲਾਲਾ ਬਿਹਾਰੀਲਾਲ ਪੁਰੀ. ਨੇ

ਉਰਦੂ ਤੇ ਉਲਟਾਇਆ॥

THE

# THIRD PUNJABI READER.

ਮੁਫ਼ੀਦਆਮ ਪ੍ਰੇਸ ਲਾਹੌਰ ਵਿੱਚ
ਮੁਨਸ਼ੀ ਗੁਲਾਬਸਿੰਘ ਦੇ
ਛਾਪੀ ਗਈ
ਸੰਨ ੧੮੮

Lahore
...TED FOR THE EDUCATION
AT THE MUFID-I-A
BY MUNSHI GULAB SING

1889.

*All rights rese*

*Price, 0-*

ਸਭ ਜਾਣਦੇ ਹਨ,
ਕਰਨ ਦੀ ਲੋੜ ਨਹੀਂ।
ਦੇ ਹਨ, ਨਿਰਾ ਜਾਨਵਰ
ਧੀਕ ਸਮਝਦੇ ਹਨ; ਇਹੋ
ਨਾਲ ਪਾਲਦੇ ਹਨ, ਅਤੇ
ਖ ਨੂੰ ਇਸ ਕੋਲੋਂ ਜੋ ਜੋ
ਵਰ ਤੇ ਨਹੀਂ। ਜਦ ਤਕ
ਦੀਆਂ ਬਹੁਤ ਸਾਰੀਆਂ

# ਪੰਜਾਬੀ ਦੀ ਤੀਜੀ ਪੋਥੀ॥

---

## ਧ ਪਿਆਉਣ ਵਾਲਿਆਂ ਜਾਨ-ਵਰਾਂ ਦਾ ਹਾਲ॥

### ਗਾਈਂ ॥

ੲਹ ਅਜੇਹਾ ਪਸ਼ੂ ਹੈ, ਕਿ ਇਸ ਨੂੰ ਸੱਭੇ ਜਾਣਦੇ ਹਨ, ਈ ਸੂਰਤ ਅਤੇ ਰੂਪ ਦੇ ਵਰਣਨ ਕਰਨ ਦੀ ਲੋੜ ਨਹੀਂ। ਇਹਨੂੰ ਅਤਿ ਪਵਿਤ੍ਰ ਪਸ਼ੂ ਮੰਨਦੇ ਹਨ, ਨਿਰਾ ਜਾਨਵਰ ਹੀਂ ਪਰ ਉਸ ਕੋਲੋਂ ਬਹੁਤ ਵਧੀਕ ਸਮਝਦੇ ਹਨ; ਇਹੋ ਣ ਹੈ, ਕਿ ਇਸਨੂੰ ਵਡੀ ਪ੍ਰੀਤਿ ਨਾਲ ਪਾਲਦੇ ਹਨ, ਅਤੇ ਸਾਰੀ ਸੇਵਾ ਕਰਦੇ ਹਨ। ਮਨੁੱਖ ਨੂੰ ਇਸ ਕੋਲੋਂ ਜੋ ਜੋ ਦੇ ਹਨ, ਸੋ ਹੋਰ ਕਿਸੇ ਜਾਨਵਰ ਤੇ ਨਹੀਂ। ਜਦ ਤਕ ੀ ਹੈ, ਤਦ ਤਕ ਖਾਣ ਪੀਣ ਦੀਆਂ ਬਹੁਤ ਸਾਹੀਆਂ

ਵਸਤਾਂ ਸਾਨੂੰ ਦਿੰਦੀ ਰਹਿਦੀ ਹੈ। ਜਿਸ ਜਾਨਵਰ ਤੇ ਐੱਨੇ ਲਾਭ ਹੋਣ, ਤਾਂ ਚਾਹੀਦਾ ਹੈ, ਕਿ ਅਸੀਂ ਬੀ ਚੰਗੀ ਤਰਾਂ ਉਸ ਦੀ ਟਹਲ ਕਰੀਏ। ਪਹਲੋਂ ਤਾਂ ਸਾਨੂੰ ਦੁੱਧ ਦਿੰਦੀ ਹੈ, ਮਿੱਠਾ ਮਿੱਠਾ, ਸੱਜਰਾ ਸੱਜਰਾ, ਕੇਹੜਾ ਮੁੰਡਾ ਯਾ ਕੁੜੀ ਹੋਇਗੀ, ਕਿ ਕਟੋਰਾ ਭਰਿਆ ਹੋਏ, ਅਤੇ ਉਸਦਾ ਜੀ ਨਾ ਚਾਹੇ। ਮਲਾਈ, ਰਬੜੀ, ਖੋਆ, ਦਹੀਂ, ਮੱਖਣ, ਘੇਉ, ਛਾਹ, ਅਤੇ ਲੱਸੀ ਦਿੰਦੀ ਹੈ। ਏਹ ਪਦਾਰੱਥ ਨਾ ਹੁੰਦੇ, ਤਾਂ ਸਾਡੇ ਖਾਣੇ ਪੀਣੇ ਕੇਹੇ ਰੁੱਖੇ ਰਹਿਦੇ! ਮਲਾਈ, ਖੋਆ, ਯਾ ਘੇਉ ਨਾ ਹੁੰਦਾ ਤਾਂ ਬਹੁਤੀਆਂ ਸੁਆਦ ਦਾਰ ਮਿਠਿਆ-ਈਆਂ ਨਸੀਬ ਬੀ ਨਾ ਹੁੰਦੀਆਂ। ਬਲਦ ਹਲ ਵਾਹੁੰਦੇ ਹਨ, ਬੋਝ ਚਾਉਂਦੇ ਹਨ, ਗੱਡੇ ਖਿੰਜਦੇ ਹਨ, ਹਲਟ, ਚਰਸੇ, ਅਤੇ ਕੋਲ੍ਹੂ ਵਿਖੇ ਵਗਦੇ ਹਨ। ਗੋਹੇ ਨਾਲ ਕੱਚਿਆਂ ਘਰਾਂ ਨੂੰ ਲਿੰਬਦੇ ਹਨ, ਪਾਥੀਆਂ ਪੱਥਦੇ ਹਨ, ਜਿਨਾਂ ਵਿਚਾਰਿਆਂ ਨੂੰ ਲੱਕੜੀਆਂ ਫੂਕਨ ਦੀ ਸਮਰਥ ਨਹੀਂ, ਓਹ ਇਨਾਂ ਹੀ ਨੂੰ ਫੂਕਦੇ ਹਨ, ਹਿੰਦੂ ਚੌਂਕਾ ਪਾਉਂਦੇ ਹਨ॥

ਮਰਨ ਤੇ ਮਗਰੋਂ ਇਸ ਦੀ ਦੇਹ ਦੇ ਬਹੁਤ ਸਾਰੇ ਅੰਸ ਕੰਮ ਆਉਂਦੇ ਹਨ। ਖੱਲ ਤੇ ਘੋੜਿਆਂ ਦੇ ਸਾਜ, ਬੱਘੀ ਦਾ ਸਮਿਆ[illegible] ਕਾਠੀਆਂ, ਕੋਟੜੇ, ਪੁਰਾਣੀਆਂ, ਲਗਾਮਾਂ ਅਤੇ ਹੋਰ ਬਹੁਤ[illegible] ਵਸਤਾਂ ਬਣਦੀਆਂ ਹਨ। ਸਿੰਙਾਂ ਦੀਆਂ ਕੰਘੀਆਂ, ਚਾਕੂ[illegible]

ਛੁਰੀਆਂ ਦੇ ਮੁੱਠੇ, ਪੱਠਿਆਂ ਅਤੇ ਆਂਦਰਾਂ ਆਦਿਕਾਂ ਦਾ ਸਰੇਸ ਬਣਦਾ ਹੈ ॥

ਗਾਈਂ ਰੋਜ਼ ਦੋ ਵੇਲੇ ਦੁੱਧ ਦਿੰਦੀ ਹੈ, ਸਵੇਰ ਨੂੰ, ਅਤੇ ਸੰਧ੍ਯਾ ਵੇਲੇ। ਦੁੱਧ ਨੂੰ ਮਿੱਟੀ ਦਿਆਂ ਭਾਂਡਿਆਂ ਵਿੱਚ ਉਬਾਲਾ ਦੇਕੇ ਰੱਖ ਛੱਡਦੇ ਹਨ, ਫੇਰ ਉਸਤੇ ਜੋ ਚਾਹੁੰਦੇ ਹਨ ਬਣਾਉਂਦੇ ਹਨ। ਮੱਖਣ ਕਢਣਾ ਹੋਏ ਤਾਂ ਰਤੀਕੁ ਦਹੀਂ ਦਾ ਜਾਗ ਲਾਕੇ ਕੱਜ ਛੱਡਦੇ ਹਨ, ਉਹੋ ਜੰਮਕੇ ਦਹੀਂ ਹੋ ਜਾਂਦਾ ਹੈ, ਫੇਰ ਇੱਕ ਮਿੱਟੀ ਦੇ ਭਾਂਡੇ ਵਿੱਚ ਪਾਕੇ ਉਸ ਨੂੰ ਮਧਾਣੀ ਨਾਲ ਰਿੜਕਦੇ ਹਨ; ਥੋੜੇ ਚਿਰ ਵਿੱਚ ਮੱਖਣ ਵੱਖਰਾ ਹੋ ਜਾਂਦਾ ਹੈ ਛਾਹ ਛਾਹ ਵੱਖਰੀ; ਕਈਆਂ ਦੇਸਾਂ ਵਿੱਚ ਹੋਰ ਹੋਰ ਤਰਾਂ ਬੀ ਮੱਖਣ ਕੱਢਦੇ ਹਨ, ਪਰ ਰਿੜਕਦੇ ਸਾਰੇ ਹਨ ॥

ਗਾਈਂ ਬਾਹਲਾ ਘਾ ਅਤੇ ਨੀਰਾ ਖਾਂਦੀ ਹੈ, ਵੰਡ ਅਤੇ ਖਲ ਬੀ ਦਿੰਦੇ ਹਨ, ਉਸ ਤੇ ਦੁੱਧ ਵਧਦਾ ਹੈ। ਮਾਸ ਯਾ ਕਿਸੇ ਜਾਨ-ਦਾਰ ਨੂੰ ਨਹੀਂ ਖਾਂਦੀ। ਗਾਈਂ ਦੀ ਸੂਰਤ ਅਤੇ ਉਸ ਦੇ ਡੀਲ ਡੌਲ ਨੂੰ ਸਭ ਸਿਆਣਦੇ ਹਨ। ਪਰ ਇਹ ਬਹੁਤਿਆਂ ਨੂੰ ਮਲੂਮ ਨਹੀਂ ਕਿ ਜੋ ਜਾਨਵਰ ਉਗਾਲੀ ਕਰਦੇ ਹਨ, ਉਨ੍ਹਾਂ ਦਾ ਉਦਰ ਕਿਸੇ ਹੋਰ ਹੀ ਤਰਾਂ ਦਾ ਹੁੰਦਾ ਹੈ, ਉਸ ਵਿੱਚ ਚਾਰ ਖ਼ਾਨੇ ਹੁੰਦੇ ਹਨ, ਹਰ ਇੱਕ ਵੱਖੋ ਵੱਖਰਾ ਕੰਮ ਦਿੰਦਾ ਹੈ। ਇਸ ਨੂੰ ਉਗਾਲੀ

ਕਰਦੀ ਨੂੰ ਸਾਰਿਆਂ ਨੇ ਦੇਖਿਆ ਹੈ, ਪਰ ਅਸਲ ਹਾਲ ਮਲੂਮ ਨਹੀਂ, ਸੁਣੋ! ਇਸ ਦੇ ਉੱਪਰਲੇ ਦੰਦ ਨਹੀਂ ਹੁੰਦੇ, ਦਾੜ੍ਹਾਂ ਹੁੰਦੀ-ਆਂ ਹਨ, ਪਰ ਛੇੱਤੀ ਛੇੱਤੀ ਨਹੀਂ ਵਗਦੀਆਂ, ਇਸ ਲਈ ਜੋ ਖਾਂਦੀ ਬਹੁਤ ਹੈ, ਇਸੇ ਲਈ ਪਹਲੋਂ ਜੋ ਕੁਝ ਮੂਹਰੇ ਆਉਂਦਾ ਹੈ, ਉਸ ਨੂੰ ਪੂਰਾ ਪੂਰਾ ਨਹੀਂ ਚੱਬਦੀ, ਐਵੇਂ ਹੀ ਨਿਗਲਦੀ ਜਾਂਦੀ ਹੈ। ਵੰਡ ਯਾ ਦਾਣਾ ਹੋਏ, ਭਾਵੇਂ ਘਾ ਹੋਏ, ਪਹਲੇ ਖ਼ਾਨੇ ਵਿੱਚ ਇਕੱਠਾ ਹੁੰਦਾ ਹੈ, ਫੇਰ ਦੂਜੇ ਖ਼ਾਨੇ ਵਿੱਚ; ਜਾਂ ਅਚਿੰਤ ਹੁੰਦੀ ਹੈ, ਤਾਂ ਉਸ ਵਿੱਚੋਂ ਕੱਢ ਕੱਢਕੇ ਮੂੰਹ ਵਿੱਚ ਲਿਆਉਂਦੀ ਹੈ, ਦੂਜੀ ਵਾਰ ਚੱਬਦੀ ਹੈ, ਅਤੇ ਖਾ ਜਾਂਦੀ ਹੈ। ਜਦ ਗਾਈਂ ਚਰਦੀ ਹੋਏ, ਤਾਂ ਜਾਣ ਲਓ, ਕਿ ਆਪਣੇ ਖੱਜੇ ਨੂੰ ਸਪੇਟ ਰਹੀ ਹੈ; ਖਾਂਦੀ ਤਦ ਹੈ, ਕਿ ਜਾਂ ਉਗਾਲੀ ਕਰਦੀ ਹੈ। ਮੈਂਹਿ, ਊਠ, ਭੇਡ, ਹਰਣ, ਬੱਕਰੀ, ਸਾਰੇ ਜੁਗਾਲੀ ਕਰਨ ਵਾਲੇ ਜਾਨਵਰ ਹਨ। ਅਜੇ-ਹਿਆਂ ਜਾਨਵਰਾਂ ਦੇ ਪੈਰ ਯਾ ਖੁਰ ਵਿੱਚੋਂ ਪਾੱਟੇ ਹੋਏ ਹੁੰਦੇ ਹਨ॥

## ਖੋਤਾ॥

ਦੇਖੋ! ਬੇਤਰਸ ਕਿਸ ਤਰਾਂ ਬੇਤਰਸੀ ਨਾਲ ਆਪਣੇ ਗੱ ਨੂੰ ਮਾਰਦਾ ਹੈ। ਵਿਚਾਰੇ ਪੁਰ ਐਨਾ ਭਾਰਾ ਬੋਝਾ ਲੱਦਿਆ ਹੈ, ਕਿ ਠੋਕਰਾਂ ਖਾਂਦਾ ਚਲਿਆ ਜਾਂਦਾ ਹੈ, ਕੀ ਉਹ ਪਰਮੇ

ਦਾ ਜੀ ਨਹੀਂ? ਮੀਏਂ ਨੂੰ ਸੱਚ ਤਦ ਮਲੂਮ ਹੋਏ, ਕਿ ਜਾਂ ਇਸ ਭਾਰ ਨੂੰ ਆਪਣੇ ਮਗਰ ਪੁਰ ਰੱਖ ਲਏ, ਫੇਰ ਭਾਰ ਦਾ ਸੁਆਦ ਦੇਖੇ। ਗੱਦੋ ਵਿਚਾਰੇ ਨੂੰ ਸਭ ਤੇ ਨਿਫਿੱਟ ਚਾਰਾ ਦਿੰਦੇ ਹਨ, ਫੇਰ ਚਾਹੁੰਦੇ ਹਨ, ਕਿ ਬੋਝ ਉਹ ਚੁੱਕੇ, ਕਿ ਜੋ ਉਸ ਦੇ ਬੁੱਤਿਓਂ ਬਾਹਰਾ ਹੈ। ਹਿੰਦੁਸਤਾਨ ਵਿਖੇ ਜਿੱਥੇ ਦੇਖੋ ਗੱਦੋ ਦੀਆਂ ਲੱਤਾਂ ਭਾਰ ਦੇ ਮਾਰੇ ਭੌਂ ਗਈਆਂ ਹਨ, ਕੀ ਕਾਰਣ ਹੈ? ਬਚਪੁਣੇ ਤੇ ਹੀ ਭਾਰੇ ਭਾਰੇ ਲੱਦ ਲੱਦਣ ਲੱਗ ਪੈਂਦੇ ਹਨ॥

ਮੰਨ ਲਿਆ, ਕਿ ਗੱਦੋ ਸੁਹਣਾ ਨਹੀਂ, ਸੱਚ ਮੁੱਚ ਲੰਮਿਆਂ ਲੰਮਿਆਂ ਕੰਨਾਂ ਅਤੇ ਚੁੱਚੀਆਂ ਅੱਖਾਂ ਤੇ ਮੁਰਦਾ ਮਲੂਮ ਹੁੰਦਾ ਹੈ, ਲੋਕਾਂ ਦੀਆਂ ਵਧੀਕੀਆਂ ਸਹਿੰਦਾ ਹੈ; ਇਨ੍ਹਾਂ ਹੀ ਗੱਲਾਂ ਨੇ ਇਹਨੂੰ ਖੱਜਲ ਕਰ ਛੱਡਿਆ ਹੈ; ਪਰ ਪਰਮੇਸੁਰ ਨੇ ਬੇਸਮਝ ਨਹੀਂ ਬਣਾਇਆ ਹੈ; ਕਿਸੇ ਕਿਸੇ ਠਿਕਾਣੇ ਪੁਰ ਇਸ ਨੇ ਵੱਡੀਆਂ ਵੱਡੀਆਂ ਹੁਸ਼ਿਆਰੀਆਂ ਵਿਖਾਲੀਆਂ ਹਨ। ਜੋ ਸਾਈਂ ਇਸਨੂੰ ਚਾਹੁੰਦਾ ਹੈ, ਇਹ ਬੀ ਉਸ ਦੀ ਸੂਰਤ ਪੁਰ ਮੋਹਿਆ ਜਾਂਦਾ ਹੈ। ਇਸ ਦਾ ਪੈਰ ਰਤੀ ਧੀਰਾ ਤਾਂ ਉਠਦਾ ਹੈ, ਪਰ ਇਸ ਪੁਰ ਬੀ ਪਹਰਾਂ ਪੱਕਿਆਂ ਬਰਾਬਰ ਤੁਰਦਾ ਾਲਿਆ ਜਾਂਦਾ ਹੈ। ਬੁਰਿਆਂ ਰਾਹਾਂ ਅਤੇ ਪਹਾੜਾਂ ਪੁਰ ਤਾਂ ਇਹੋ ਾਹੁਤ ਕੰਮ ਦਿੰਦਾ ਹੈ; ਕਾਰਣ ਇਹ ਹੈ ਕਿ ਇਸ ਦਾ ਪੈਰ ਘੋੜੇ

ਦਿਆਂ ਪੈਰਾਂ ਤੇ ਵਧੀਕ ਜੰਮਕੇ ਪੈਂਦਾ ਹੈ। ਪਹਾੜਾਂ ਪਰ ਅਜੇ-ਹੀਆਂ ਔਖੀਆਂ ਘਾਟੀਆਂ ਅਤੇ ਉਤਰਾਈਆਂ ਚੜ੍ਹਾਈਆਂ ਦੇ ਰਾਹ ਬਹੁਤ ਹਨ, ਕਿ ਰਤੀ ਪੈਰ ਬੇਠਿਕਾਣੇ ਪਿਆ, ਤਾਂ ਜਾਨ ਗਈ। ਇਹੋ ਵਿਚਾਰਾ ਹੈ, ਜੋ ਅਜੇਹਿਆਂ ਰਾਹਾਂ ਵਿਖੇ ਬੋਝ ਨੂੰ ਰਾਜੀ ਬਾਜੀ ਠਿਕਾਣੇ ਸਿਰ ਪੁਚਾ ਦਿੰਦਾ ਹੈ। ਇਸ ਦਾ ਬੱਚਾ ਸੁਹਣਾ ਹੁੰਦਾ ਹੈ, ਅਤੇ ਚੁਸਤ ਬੀ, ਕਲੋਲ ਕਰਦਾ ਹੈ; ਪਰ ਉਸ ਪੁਰ ਬੀ ਇਧਿਰ ਕੰਮ ਦੀ ਖੇਚਲ ਪਈ, ਉਧਿਰ ਉਹ ਹੋਣਹਾਰ ਸੂਰਤ ਧੂੜ ਨਾਲ ਰਲੀ। ਚੰਗੀ ਤਰਾਂ ਟਹਲ ਹੁੰਦੀ, ਨਾ ਸੂਰਤ ਵਿਗੜਦੀ, ਨਾ ਸਮਝ ਜਾਂਦੀ; ਸੱਚ ਹੈ, ਸਾਰਾ ਦਿਨ ਕੰਮ ਹੀ ਕੰਮ, ਨਾ ਖੇਲ ਦਾ ਨਾਉਂ ਨਾ ਲੈਣ ਨੂੰ ਦਮ। ਭੌਂਦੂ ਵਿਚਾਰੇ ਦੀ ਬੁੱਧਿ ਨਾ ਮਾਰੀ ਜਾਏ ਤਾਂ ਕੀ ਹੋਏ। ਖੋਤੀ ਬੱਚੇ ਨੂੰ ਬਹੁਤ ਚਾਹੁੰਦੀ ਹੈ। ਜਣਦੀ ਹੈ, ਤਾਂ ਇੱਕੋ ਬੱਚਾ ਜੰਮਦਾ ਹੈ। ਇਸ ਦਾ ਦੁੱਧ ਵਡਾ ਨਰੋਆ ਹੁੰਦਾ ਹੈ, ਬਾਲਾਂ ਲਈ ਵਡਾ ਗੁਣਕਾਰ ਹੁੰਦਾ ਹੈ॥

ਕਿਤੇ ਮੂਰਖਪੁਣੇ ਦੀ ਗੱਲ ਹੁੰਦੀ ਹੈ, ਤਾਂ ਪਹਲੋਂ ਇਸੇ ਵਿ-ਚਾਰੇ ਦਾ ਨਾਉਂ ਆਉਂਦਾ ਹੈ; ਇਹ ਲਾਦੂ ਖੋਤਿਆਂ ਦੀ ਗੱਲ ਹੈ, ਪਰ ਜਾਂਗਲੀ ਗਧੇ ਦਾ ਅਜੇਹਾ ਹਾਲ ਨਹੀਂ, ਉਹ ਵਡਾ ਤ੍ਰਿ[illegible] ਚੱਲਣਵਾਲਾ ਹੈ। ਇੱਕ ਪ੍ਰਕਾਰ ਦੀਆਂ ਜਾਂਗਲੀ ਗੱਦੋਂ ਸਿੰ[illegible]

ਅਤੇ ਬਿਲੋਚਿਸਤਾਨ ਵਿੱਚ ਅਰ ਪੰਜਾਬ ਦੇ ਪੱਛਮੀ ਬੰਨੇ ਦੇ ਦਾਉ ਮਿਲਦੀਆਂ ਹਨ। ਉਨ੍ਹਾਂ ਨੂੰ ਗੋਰਖਰ ਕਹਿੰਦੇ ਹਨ। ਏਹ ਸੁਹਣੀਆਂ ਹੁੰਦੀਆਂ ਹਨ। ਲਾਲ ਭੇ ਵਾਲਾ ਮਿਟੀਲਾ ਰੰਗ, ਪਰ ਮੂੰਹ, ਛਾਤੀ ਅਤੇ ਹੇਠਲਾ ਧੜ ਬੱਗਾ: ਪਿੱਠ ਦੀ ਲੰਮਿਆਈ ਪੁਰ ਭੂਰੀਆਂ ਭੂਰੀਆਂ ਧਾਰੀਆਂ, ਅਤੇ ਬਾਹਲੀਆਂ ਦੀ ਕੰਨੀਂ ਅਤੇ ਪੈਰਾਂ ਪੁਰ ਬੀ ਧਾਰੀਆਂ ਹੁਦੀਆਂ ਹਨ ॥

ਘੋੜੇ ਅਤੇ ਖੋਤੇ ਸੁੰਬਵਾਲੇ ਜੀਵ ਹਨ, ਇਨ੍ਹਾਂ ਦੇ ਸੁੰਬ ਸਾਬਤੇ ਹੁੰਦੇ ਹਨ; ਉਗਾਲੀ ਕਰਨਵਾਲਿਆਂ ਜਾਨਵਰਾਂ ਦਿਆਂ ਪੈਰਾਂ ਯਾ ਖੁਰਾਂ ਵਾਕਰ ਵਿੱਚੋਂ ਚੀਰੇਦੇ ਨਹੀਂ ਹੁੰਦੇ ॥

# ਬਿੱਲੀ ॥

ਇਸਨੂੰ ਸੱਭੇ ਜਾਣਦੇ ਹਨ, ਅਜੇਹਾ ਕੋਈ ਦੇਸ ਹੋਇਗਾ, ਜਿੱਥੇ ਇਹ ਨਾ ਹੋਏ। ਮਨੁੱਖਾਂ ਨਾਲ ਇਸਨੂੰ ਮਨ ਤੇ ਸਨੇਹ ਹੈ, ਕੁੱਤਿਆਂ ਵਾਕਰ ਇਹ ਬੀ ਮਨੁੱਖਾਂ ਨਾਲ ਰਲ ਮਿਲ ਜਾਂਦੀ ਹੈ; ਘਰਾਂ ਵਿਖੇ ਨਿਰਭਯ ਅਤੇ ਨਿਡਰ ਹੋਕੇ ਰਹਿੰਦੀ ਹੈ; ਅਜੇਹੀ ਗ੍ਰੀਬਣੀ ਹੋਕੇ ਰੰਹਦੀ ਹੈ, ਕਿ ਬੱਚੇ ਬੀ ਉਸ ਨਾਲ ਖੇਡਦੇ ਹਨ, ਡਿੱਗੀ ਢੱਠੀ ਹੱਡੀ ਬੋਟੀ ਲੈ ਲੈਂਦੀ ਹੈ, ਉਸੇ ਨਾਲ ਡੱਟ

ਟਪਾਉਂਦੀ ਹੈ। ਇਹ ਵਡੀ ਨਿਰਮਲ, ਉੱਜਲੀ ਅਤੇ ਸੁਥਰੀ ਹੈ; ਸਦਾ ਆਪਣੇ ਪਿੰਡੇ ਨੂੰ ਸੁਆਰਦੀ ਰੰਹਦੀ ਹੈ; ਮੂੰਹ ਅਤੇ ਖੌਹਰੀ ਜੀਭ ਇਸ ਦੇ ਲਈ ਜਲ ਅਤੇ ਪਰਨਾ ਹੈ: ਮੂੰਹ ਅਤੇ ਕੰਨ ਕਿ ਜਿੱਥੇ ਜਿੱਥੇ ਜੀਭ ਨਹੀਂ ਪਹੁੰਚ ਸਕਦੀ, ਹੱਥ ਨੂੰ ਚੱਟਕੇ ਗਿੱਲਾ ਕਰ ਲੈਂਦੀ ਹੈ, ਉਸ ਨਾਲ ਮਲ ਮਲਕੇ ਸਾਫ਼ ਕਰਦੀ ਹੈ। ਬਿੱਲੀ ਦੇ ਕੂਲੇ ਕੂਲੇ ਵਾਲ ਹੁੰਦੇ ਹਨ। ਕਈਆਂ ਦੇਸਾਂ ਵਿੱਚ ਇਸ ਦੀ ਖੱਲ ਦੀਆਂ ਪੋਸਤੀਨਾਂ ਬਣਦੀਆਂ ਹਨ। ਏਹ ਹੋਰਨਾਂ ਪੋਸਤੀਨਾਂ ਕੋਲੋਂ ਘੱਟ ਮੁੱਲ ਪਾਉਂਦੀਆਂ ਹਨ। ਬਿੱਲੀਆਂ ਕਈਆਂ ਰੰਗਾਂ ਦੀਆਂ ਹੁੰਦੀਆਂ ਹਨ, ਕਾਲੀਆਂ, ਧੌਲੀਆਂ, ਚੰਨਣੀ, ਚਿਤਮਤਾਲੀਆਂ, ਮਿੱਟੀ ਰੰਗੀਆਂ। ਕਈਆਂ ਪੁਰ ਘਸਮੈਲੀਆਂ ਧਾਰੀਆਂ ਹੁੰਦੀਆਂ ਹਨ। ਵਿਲਾਇਤੀ ਬਿੱਲੀ ਡਾਢੀ ਸੁਹਣੀ ਹੁੰਦੀ ਹੈ, ਇਸੇ ਲਈ ਬਹੁਤਾ ਮੁੱਲ ਪਾਉਂਦੀ ਹੈ; ਇਹ ਕਾਬਲ ਅਤੇ ਈਰਾਨ ਤੇ ਆਉਂਦੀ ਹੈ, ਅਕਸਰ ਇੱਕ ਰੰਗ ਧੌਲੀ ਹੁੰਦੀ ਹੈ, ਲੰਮੀ ਲੰਮੀ ਜੱਤ, ਪੱਟ ਵਾਕਰ ਕੂਲੀ। ਜਾਂਗਲੀਆਂ ਬਿੱਲੀਆਂ ਕਈਆਂ ਤਰਾਂ ਦੀਆਂ ਹੁੰਦੀਆਂ ਹਨ; ਰੰਗ ਅਤੇ ਢੰਗ ਵਿੱਚ ਭੇਦ ਹੁੰਦਾ ਹੈ, ਬਾਜ਼ੀਆਂ ਡਾਢੀਆਂ ਸੁੰਦਰ ਹੁੰਦੀਆਂ ਹਨ, ਕਈ ਢਾਈਆਂ ਫੁੱਟਾਂ ਤੇ ਲੈ ਤਿੰਨਾਂ ਫੁੱਟਾਂ ਤੱਕ ਲੰਮੀਆਂ ਹੁੰਦੀਆਂ ਹਨ॥

ਬਿੱਲੀ ਦੀਆਂ ਅੱਖਾਂ ਕਿਸੇ ਹੋਰ ਹੀ ਤਰਾਂ ਦੀਆਂ ਹਨ, ਅਨੇਰੇ ਵਿੱਚ ਸਭ ਕੁਝ ਦੇਖਦੀ ਹੈ, ਚੂਹੇ, ਚੂਹੀਆਂ, ਅਤੇ ਹੋਰ ਜੀਵ, ਜੋ ਦਿਨ ਨੂੰ ਘੱਟ ਨਿੱਕਲਦੇ ਹਨ, ਇਨ੍ਹਾਂ ਹੀ ਨੇਤ੍ਰਾਂ ਦੀ ਸਹਾਇਤਾ ਨਾਲ ਉਨ੍ਹਾਂ ਦਾ ਸ਼ਿਕਾਰ ਕਰਦੀ ਹੈ, ਜਾਂ ਧੁੱਪ ਵਿਖੇ ਲੇਟੀ ਹੋਈ ਊਂਘਦੀ ਹੈ, ਤਾਂ ਧੀਮੀ ਧੀਮੀ ਬੋਲ਼ੀ ਖੁਰ ਖੁਰ ਨਾਲ ਕੇਹੀ ਭੋਲ਼ੀ ਅਤੇ ਗਰੀਬਣੀ ਜਾਪਦੀ ਹੈ। ਪਰ ਵੇਲੇ ਸਿਰ, ਸ਼ਿਕਾਰ ਪਕੜਨ ਲਈ ਵਡੀ ਸ਼ੇਰ ਹੈ। ਇਸ ਦੀਆਂ ਨਿੱਕੀਆਂ ਨਿੱਕੀਆਂ ਦੰਦੀਆਂ ਤਾਂ ਵੇਖੋ! ਕੇਹੀਆਂ ਪਤਲੀਆਂ ਅਤੇ ਤ੍ਰਿੱਖੀਆਂ ਹਨ। ਪੰਜੇ ਨੂੰ ਰਤੀ ਹੱਥ ਵਿੱਚ ਫੜੋ, ਕੇਹਾ ਕੂਲਾ ਹੈ, ਇਹੋ ਸਮਝੋਗੇ, ਕਿ ਇਸ ਵਿਖੇ ਦੁੱਖ ਦੇਣਵਾਲ਼ੀ ਕੋਈ ਵਸਤੂ ਨਹੀਂ, ਠਹਰ ਜਾਓ, ਅਜੇ ਨਾ ਛੱਡਣਾ। ਰਤਾ ਉਕਤਾ ਜਾਏ, ਇਨ੍ਹਾਂ ਹੀ ਕੂਲ਼ਿਆਂ ਕੂਲ਼ਿਆਂ ਪੰਜਿਆਂ ਵਿੱਚੋਂ ਕੇਹੀਆਂ ਨਸਤਰ ਵਰਗੀਆਂ ਨਹੁੰ-ਦਰਾਂ ਨਿੱਕਲ ਪੈਂਦੀਆਂ ਹਨ। ਨਹੁੰ ਲੁਕੇ ਰੰਹਦੇ ਹਨ, ਤਾਂ ਇਸ ਦੇ ਲਈ ਵਡਾ ਆਰਾਮ ਹੈ, ਓਹ ਲੰਮੇ ਅਤੇ ਵਿੰਗੇ ਹਨ, ਅਤੇ ਨੋਕਾਂ ਤ੍ਰਿੱਖੀਆਂ—ਕਿ ਜੇ ਕੁੱਤੇ ਵਾਕਰ ਨਿੱਕਲੇ ਰੰਹਦੇ, ਤਾਂ ਟੁਰਨ ਫਿਰਨ ਵਿਖੇ ਬਿੱਲੀ ਨੂੰ ਵਡੀ ਔਖ ਹੁੰਦੀ, ਅਤੇ ਉਹ ਭੀ ਅਜੇਹੇ ਤ੍ਰਿੱਖੇ ਨਾ ਰੰਹਦੇ। ਹੁਣ ਲੋੜ ਦੇ ਵੇਲੇ ਕੱਢਦੀ ਹੈ, ਅਤੇ ਜਦ ਚਾਹੁੰਦੀ ਹੈ, ਅੰਦਰ ਵਾੜ ਲੈਂਦੀ ਹੈ; ਫੇਰ ਦੇਖਣ ਨੂੰ

ਉਹੋ ਕੂਲੀ ਕੂਲੀ ਉੱਪਰ ਪੱਟ ਜਿਹੀ ਜੱਤ ਹੈ ॥

ਪਾਲੀ ਹੋਈ ਬਿੱਲੀ ਵਡੀ ਗਰੀਬਣੀ ਹੁੰਦੀ ਹੈ, ਪੁਚਕਾਰਨ ਤੇ ਪਰਸੰਨ ਹੋ ਜਾਂਦੀ ਹੈ, ਕੈਂਹਦੀ ਹੈ, ਕਿ ਪਿਆਰ ਨਾਲ ਰੱਖੋ। ਇੱਕ ਛੰਨੀ ਭਰਕੇ ਦੁੱਧ ਉਸਦੇ ਸਾਮਣੇ ਰੱਖ ਦੇਓ, ਤਾਂ ਰਾਜ਼ੀ ਹੋਇਗੀ, ਖੁਰ ਖੁਰ ਕਰੇਗੀ, ਪਤਲੀ, ਗੁਲਾਬੀ ਨਿੱਕੀ ਜਿਹੀ ਜੀਭ ਹੈ, ਉਸ ਨਾਲ ਚੱਟੇਗੀ, ਅੱਖਾਂ ਮੀਟੇਗੀ, ਮਿੱਠੇ ਮਿੱਠੇ ਦੁੱਧ ਦਾ ਸੁਆਦ ਚੱਖੇਗੀ, ਦੁੱਧ ਇਹਨੂੰ ਭਾਉਂਦਾ ਹੈ, ਪਰ ਮਾਸ ਪੁਰ ਢੈਂਦੀ ਹੈ; ਪਲੀ ਹੋਈ ਨਹੀਂ ਹੁੰਦੀ, ਤਾਂ ਮਾਸ ਪੁਰ ਹੀ ਝੱਟ ਟਪਾਉਂਦੀ ਹੈ, ਚਿੜੀਆਂ, ਬਟੇਰੇ, ਘੁੱਗੀਆਂ ਮੋਟੇ ਡਾਢੇ ਜੀਵ ਇਸ ਦਾ ਮਨ ਭਾਉਂਦਾ ਭੋਜਨ ਹੈ। ਪਾਲੀ ਹੋਈ ਬਿੱਲੀ ਤੇ ਮਨੁੱਖਾਂ ਨੂੰ ਬਹੁਤ ਲਾਭ ਹੁੰਦੇ ਹਨ, ਚੂਹੇ, ਚੂਹੀਆਂ ਆਦਿਕ ਮਾਰਦੀ ਹੈ, ਪਰ ਕਦੇ ਕਦੇ ਜਾਨ ਬੀ ਬਹੁਤ ਕਰਦੀ ਹੈ, ਕਬੂਤਰਾਂ ਅਤੇ ਕੁਕੜੀਆਂ ਦਿਆਂ ਬੱਚਿਆਂ ਦੀ ਅਤਿ ਵੈਰਣ ਹੈ, ਖੁੱਡੇ ਵਿੱਚ ਘੁਸ ਜਾਂਦੀ ਹੈ, ਤਾਂ ਸਭਨਾਂ ਨੂੰ ਭੰਨ ਜਾਂਦੀ ਹੈ ॥

ਕਿਸੇ ਪਖੇਰੂ ਦਾ ਸ਼ਿਕਾਰ ਕਰਦੀ ਹੈ, ਤਾਂ ਡਾਢਾ ਤਮਾਸ਼ਾ ਹੁੰਦਾ ਹੈ, ਦੇਖਣਾ! ਦੇਖਣਾ! ਉਹ ਝਾੜੀਆਂ ਵਿਖੇ ਕੇਹੀ ਚੁਪ ਚੁਪਾਤੀ, ਦੱਬੇ ਪੈਰ ਛਹੀ ਫਿਰਦੀ ਹੈ, ਕੂਲਿਆਂ ਕੂਲਿਆਂ ਪੰਜਿਆਂ ਨੂੰ

ਕਿੱਕੁਰ ਹੌਲੀ ਹੌਲੀ ਰੱਖਦੀ ਹੈ, ਪੈਰਾਂ ਦੀ ਪੈਛੜ ਤਕ ਨਹੀਂ, ਉਹ ਟਹਣੀ ਦੇ ਓਹਲੇ, ਛਹ ਲਾਈ ਬੈਠੀ ਹੈ, ਇਹ ਭੋੜਾ ਕੇਹਾ ਭੋਲਾ ਭਾਲਾ ਪੰਛੀ ਹੈ! ਦੇਖੋ, ਸ਼ਿਕਾਰ ਹੁਣ ਉਸਦੇ ਟੇਟੇ ਪੁਰ ਆ ਚੜ੍ਹਿਆ ਹੈ! ਉਹ ਬਿੱਲੀ ਹੁਣ ਲਪਕੀ ! ਇੱਕੋ ਛਲਾਂਗ ਵਿੱਚ ਜਾ ਪਕੜਿਆ! ਹਾਇ ਹਾਇ! ਵਿਚਾਰਾ ਕੇਹਾ ਤੜਫਦਾ ਹੈ, ਬਿੱਲੀ ਦੀ ਨੁਹਾਰ ਦੇਖਣਾ, ਕੇਹੀ ਤੀਊੜੀ ਵੱਟੀ ਹੋਈ ਹੈ! ਕੇਹੇ ਨੇਤ੍ਰ ਪਲਟੇ ਹੋਏ ਹਨ! ਚੂਹੇ ਨੂੰ ਸ਼ਿਕਾਰ ਕਰਦੀ ਹੈ, ਤਾਂ ਫੜਦੇ ਸਾਰ ਹੀ ਨਹੀਂ ਮਾਰਦੀ, ਥੋੜਾ ਚਿਰ ਖੇਡਦੀ ਹੈ, ਜਾਪਦਾ ਹੈ, ਇਸ ਬੇ ਵਸ ਨੂੰ ਔਖਾ ਕਰਕੇ ਰਾਜ਼ੀ ਹੁੰਦੀ ਹੈ, ਪਹਲਾਂ ਤੁੇਸਨੂੰ ਮੂੰਹ ਵਿੱਚੋਂ ਛੱਡ ਦਿੰਦੀ ਹੈ, ਵਿਚਾਰਾ ਥੋੜੀ ਦੂਰ ਨੱਸ ਜਾਂਦਾ ਹੈ, ਫੇਰ ਲਪਕਦੀ ਹੈ, ਝੱਟ ਦੌੜਕੇ ਫੜ ਲੈਂਦੀ ਹੈ, ਗੱਲ ਕੀ, ਇਸੇ ਤਰਾਂ ਥੋੜਾ ਚਿਰ ਉਸ ਨਾਲ ਕਲੋਲ ਕਰਦੀ ਹੈ, ਓੜਕ ਨੂੰ ਕੁਝ ਡਰ ਡਰਕੇ, ਕੁਝ ਥੱਕ ਥੁੱਕਕੇ ਉਹ ਵਿਚਾਰਾ ਮਰ ਜਾਂਦਾ ਹੈ ॥

ਬਿੱਲੀ ਦੇ ਬੱਚੇ ਬਾਹਲੇ ਤਿੰਨਾਂ ਤੇ ਲੈ ਛਿਆਂ ਤਕ ਹੁੰਦੇ ਹਨ, ...ਆਂ ਦਿਨਾਂ ਤਕ ਉਨ੍ਹਾਂ ਦੀਆਂ ਅੱਖੀਆਂ ਬੰਦ ਰਹਿਦੀਆਂ ਹਨ। ...ਦ ਤਕ ਏਹ ਤੁਰ ਫਿਰ ਨਹੀਂ ਸਕਦੇ ਮੂੰਹ ਵਿੱਚ ਫੜ ਇਧਿਰ ...ਧਰ ਫਿਰਾਉਣ ਲੈ ਜਾਂਦੀ ਹੈ। ਇਹ ਆਪਣਿਆਂ ਬੱਚਿਆਂ

ਨੂੰ ਬਹੁਤ ਚਾਹੁੰਦੀ ਹੈ, ਉਨ੍ਹਾਂ ਦੀ ਰੱਖੀ ਚੰਗੀ ਤਰਾਂ ਕਰਦੀ ਹੈ, ਰਤਾ ਧਜਾਨ ਹੋਰਥੇ ਪਾਏ, ਤਾਂ ਕੁੱਤੇ, ਬਿੱਲੀਆਂ ਉਨ੍ਹਾਂ ਨੂੰ ਮਾਰ ਸਿੱਟਦੇ ਹਨ॥

ਬਿੱਲੀ ਨੁਹਾਰ, ਆਕਾਰ ਵਿੱਚ ਅਤੇ ਸੁਭਾਉ ਵਿਖੇ ਸ਼ੇਰ ਨਾਲ ਮਿਲਦੀ ਹੈ, ਪਰ ਐਨਾ ਭੇਦ ਹੈ, ਕਿ ਇਹ ਰੁੱਖ, ਕੰਧ, ਹਰ ਥਾਂ ਚੜ੍ਹ ਜਾਂਦੀ ਹੈ, ਸ਼ੇਰ ਨਹੀਂ ਚੜ੍ਹ ਸਕਦਾ। ਹਿੰਦੁਸਤਾਨੀ ਲੋਕ ਇਸਨੂੰ ਸ਼ੇਰ ਦੀ ਉਸਤਾਦਣੀ ਕੈਂਹਦੇ ਹਨ, ਅਤੇ ਇਸ ਪੁਰ ਇਹ ਕਹਾਣੀ ਘੜਦੇ ਹਨ, ਕਿ ਸ਼ੇਰ ਨੂੰ ਇਸ ਨੇ ਸਾਰੇ ਕਰਤੱਬ ਸਿਖਲਾਏ, ਮਗਰੋਂ ਉਸ ਨੇ ਪੁੱਛਿਆ, ਕਿ ਮਾਸੀ ਬਿੱਲੀ! ਹੋਰ ਕੋਈ ਗੱਲ ਰਹ ਗਈ ਹੈ? ਤਾੜ ਗਈ, ਕਿ ਇਸ ਦੇ ਮਨ ਵਿੱਚ ਧੋਖਾ ਹੈ, ਗਰੀਬਣੀ ਬਣਕੇ ਬੋੱਲੀ, ਬੱਸ ਬੱਚਾ ਹੁਣ ਕੁਝ ਨਹੀਂ। ਸ਼ੇਰ ਨੇ ਚਾਹਿਆ, ਕਿ ਪਹਲੋਂ ਇਸੇ ਦਾ ਸ਼ਿਕਾਰ ਕਰੀਏ, ਦੌੜਕੇ ਟੁੱਟ ਪਿਆ, ਰੁੱਖ ਕੋਲ ਸਾ, ਝੱਟ ਉਸ ਪੁਰ ਚੜ੍ਹ ਗਈ, ਸ਼ੇਰ ਮੂੰਹ ਦੇਖਦਾ ਰਹ ਗਇਆ॥

ਬਹੁਤਿਆਂ ਜੀਆਂ ਜੰਤੂਆਂ ਦੀਆਂ ਨਹੁੰਦਰਾਂ ਅਜੇਹੀਆਂ ਹਨ, ਪੰਜਿਆਂ ਵਿੱਚ ਲੁਕੀਆਂ ਰੈਂਹਦੀਆਂ ਹਨ, ਜਦ ਚਾਹੁੰਦੇ ਹਨ ਬਾਹਰ ਬੀ ਕੱਢ ਸਕਦੇ ਹਨ। ਏਹ ਸਾਰੇ ਮਾਸਾਹਾਰੀ ਜੀਉ ਹਨ, ਆਪਣੇ ਹੀ ਸ਼ਿਕਾਰ ਦਾ ਮਾਸ ਬਹੁਤ ਪਸੰਦ ਕ

ਦੇ ਹਨ। ਇਨ੍ਹਾਂ ਦੇ ਦੰਦ ਸ਼ਿਕਾਰ ਦੇ ਜੋਗ ਚੰਗੇ ਹਨ, ਜੀਭ ਖੌਰੀ ਹੈ, ਹੱਡੀਆਂ ਨੂੰ ਕੁਝ ਮਾਸ ਲੱਗਿਆ ਰਹੇ, ਤਾਂ ਉਸੇ ਨਾਲ ਘੁਰੇੜ ਲੈਂਦੇ ਹਨ। ਏਹ ਸਾਰੇ ਜਾਨਦਾਰ ਅੰਗੁਲੀਆਂ ਦੇ ਭਾਰ ਚਲਦੇ ਹਨ, ਇਨ੍ਹਾਂ ਦੀਆਂ ਅੰਗੁਲੀਆਂ ਦੇ ਹਿਠਾਹਾਂ ਕੂਲਾ ਕੂਲਾ ਮਾਸ ਹੁੰਦਾ ਹੈ, ਇਹੋ ਕਾਰਣ ਹੈ, ਕਿ ਤੁਰਨ ਦੇ ਵੇਲੇ ਪੈਛੜ ਸਾਰਖੀ ਨਹੀਂ ਸੁਣੀਂਦੀ। ਅੱਖਾਂ ਅਜੇਹੀਆਂ ਹਨ, ਕਿ ਦਿਨ ਨੂੰ ਅਤੇ ਰਾਤ ਨੂੰ ਇੱਕੋ ਜਿਹਾ ਦੇਖ ਸੱਕਦੀਆਂ ਹਨ, ਪਰਮੇਸੁਰ ਨੇ ਕੰਨ ਅਜੇਹੇ ਬਣਾਏ ਹਨ, ਕਿ ਰਤੀ ਭਰ ਖੜਕਾ ਬੀ ਸੁਣ ਲੈਂਦੀਆਂ ਹਨ; ਸ਼ੇਰ, ਚਿੱਤ੍ਰਾ, ਬਘੇਲਾ ਆਦਿਕ ਸਾਰੇ ਇਸੇ ਤਰਾਂ ਦੇ ਜੀਉ ਹਨ॥

# ਬਘਿਆੜ॥

ਏਹ ਬਹੁਤਿਆਂ ਦੇਸਾਂ ਵਿੱਚ ਢੇਰ ਹੁੰਦੇ ਹਨ, ਉਚਿਆਈ ਵਿੱਚ ਵੱਡੇ ਕੁੱਤੇ ਦੇ ਬਰਾਬਰ ਹੁੰਦਾ ਹੈ, ਨੁਹਾਰ ਵਿੱਚ ਬੀ ਉਸ ਨਾਲ ਬਹੁਤ ਮਿਲਦਾ ਜੁਲਦਾ ਹੈ, ਪਰ ਸਿਰ ਲੰਮਾ ਹੁੰਦਾ ਹੈ, ਨੱਕ ਨੋਕਦਾਰ, ਪੂਛਲ ਗੁੱਛੇ ਦਾਰ, ਅੱਖਾਂ ਵਿੰਗੀਆਂ, ਤਕੜਾ ਅਤੇ ਬਲਵਾਨ ਅਜੇਹਾ ਹੁੰਦਾ ਹੈ, ਜੋ ਭੇਡ, ਬੱਕਰੀ ਨੂੰ ਮੂੰਹ ਵਿੱਚ ਸੌਖਾ ਹੀ ਚਾ ਲੈ ਜਾਂਦਾ ਹੈ। ਇਹ ਵਡਾ ਝੱਲਾ ਹੈ, ਪਰ ਗਿਝਾਉ,

ਤਾਂ ਗਿੱਝ ਜਾਂਦਾ ਹੈ, ਅਤੇ ਆਪਣੇ ਪਾਲਣਵਾਲੇ ਨਾਲ ਪਿਆਰ ਕਰਨ ਲੱਗ ਪੈਂਦਾ ਹੈ। ਬਘਿਆੜੀ ਆਪਣਿਆਂ ਬੱਚਿਆਂ ਨਾਲ ਬਹੁਤ ਸਨੇਹ ਕਰਦੀ ਹੈ, ਬੱਚੇ ਜੰਮਦੇ ਹਨ, ਤਾਂ ਅਜੇਹੇ ਦਿਸਦੇ ਹਨ, ਕਿ ਜੇਹੇ ਕੁੱਤੀ ਦੇ ਕਤੂਰੇ, ਉੱਕਰ ਹੀ ਅੱਖੀਆਂ ਬੀ ਮੀਟੀਆਂ ਹੋਈਆਂ ਹੁੰਦੀਆਂ ਹਨ॥

ਬਘਿਆੜ ਜੰਗਲਾਂ ਵਿੱਚ, ਖੁਹਾਨਿਆਂ ਅਤੇ ਘੋਰਿਆਂ ਦੇ ਅੰਦਰ ਰੰਹਦੇ ਹਨ, ਅਤੇ ਸਾਰਿਆਂ ਸ਼ਿਕਾਰੀ ਜਾਨਵਰਾਂ ਦੀ ਵਾ-ਕਰ ਏਹ ਬੀ ਬਾਹਲੇ ਰਾਤ ਨੂੰ ਹੀ ਸ਼ਿਕਾਰ ਕਰਦੇ ਹਨ। ਏਹ ਸਰਬਭੱਛੀ ਸਭ ਪ੍ਰਕਾਰ ਦਿਆਂ ਜੰਤੂਆਂ ਨੂੰ ਖਾ ਜਾਂਦੇ ਹਨ, ਐਥੇ ਤਕ, ਕਿ ਡੱਡੂਆਂ ਅਤੇ ਕਿਰਲੀਆਂ ਨੂੰ ਬੀ ਨਹੀਂ ਛੱਡ-ਦੇ। ਇਨ੍ਹਾਂ ਦੀਆਂ ਟੋੱਲੀਆਂ ਵਿੱਚੋਂ ਕੋਈ ਮਾਂਦਾ ਹੋ ਜਾਏ, ਤਾਂ ਏਹ ਬੇਤਰਸ ਉਸ ਨੂੰ ਬੀ ਆਪਣਾ ਭੋਜਨ ਕਰ ਲੈਂਦੇ ਹਨ। ਜਿਨ੍ਹਾਂ ਪਿੰਡਾਂ ਦੇ ਦੁਆਲੇ ਕੁਝ ਕੁਝ ਦੂਰ ਤਕ ਵੱਸੋਂ ਨਹੀਂ, ਉਨ੍ਹਾਂ ਦੇ ਅੱਗੇ ਪਿੱਛੇ ਅਨ੍ਹੇਰੀ ਸੁਨਸਾਨ ਰਾਤ ਦੇ ਸਮਯ ਆ ਲੱਗਦੇ ਹਨ। ਭੇਡਾਂ, ਬੱਕਰੀਆਂ ਦਿਆਂ ਬੱਚਿਆਂ ਨੂੰ ਗਲੋਂ ਪਕੜਕੇ ਚੁੱਕ ਲੈ ਜਾਂਦੇ ਹਨ, ਦਾਉ ਲੱਗ ਜਾਏ, ਤਾਂ ਮਨੁੱਖ ਦੇ ਬੱਚੇ ਨੂੰ ਬੀ ਲੈ ਭੱਜਦੇ ਹਨ। ਇਕੱਲੇ ਬੈਠਕੇ ਆਪਣਾ ਸ਼ਿਕਾਰ ਜੌਂਕੀ ਖਾਂਦੇ ਹਨ। ਬਘਿਆੜ ਜਾਂ ਭੁੱਖੇ ਹੁੰਦੇ ਹਨ, ਤ

ਵਡੇ ਕਮਲੇ ਹੋ ਜਾਂਦੇ ਹਨ। ਜਿਨ੍ਹਾਂ ਦੇਸਾਂ ਵਿੱਚ ਬਰਫ ਪੈਂਦੀ ਹੈ, ਅਤੇ ਸਾਤਿਆਂ ਤਕ ਭੋਂ ਦਿੱਸਦੀ ਨਹੀਂ, ਉੱਥੇ ਇਨ੍ਹਾਂ ਨੂੰ ਖੱਜੇ ਦਾ ਬਹੁਤ ਤੋੜਾ ਹੁੰਦਾ ਹੈ, ਭੁੱਖ ਨਾਲ ਬ੍ਯਾਕੁਲ ਹੋਕੇ ਆਪ ਤੋਂ ਬਾਹਰ ਹੋ ਜਾਂਦੇ ਹਨ, ਟੋੱਲੀਆਂ ਬੰਨ੍ਹ ਬੰਨ੍ਹਕੇ ਫਿਰ-ਦੇ ਹਨ, ਮਨੁੱਖਾਂ ਪੁਰ ਪੈਣੋਂ ਬੀ ਨਹੀਂ ਟਲਦੇ। ਕਦੇ ਰਿੱਛ ਆਦਿਕਾਂ ਪੁਰ ਬੀ ਜਾ ਪੈਂਦੇ ਹਨ। ਇਨ੍ਹਾਂ ਦੁਖਦਾਈਆਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਹਨ, ਕਿ ਲੋਕਾਂ ਦੇ ਮਰਨ ਵਿੱਚ ਵਾਲ ਭਰ ਦੀ ਹੀ ਵਿੱਥ ਰਹ ਗਈ ਹੈ; ਉਮਰ ਸੀ, ਕਿ ਜਾਨਾਂ ਬਚ ਗਈਆਂ। ਏਹ ਅਜੇਹੇ ਜੰਤੂ ਨਹੀਂ, ਕਿ ਇਕੱਠੇ ਹੋਕੇ ਆਉਣ ਤਾਂ ਹੀ ਡਰ ਹੋਏ, ਨਹੀਂ, ਇਕੱਲਾ ਹੋਏ, ਤਾਂ ਬੀ ਬਲਾ ॥

ਕੰਹਦੇ ਹਨ, ਕਿ ਇੱਕ ਜੱਟ ਆਪਣੀ ਕੁੱਲੀ ਵਿੱਚ ਬੈਠਾ, ਸਾਮਣੇ ਚੁਗਾਨ ਵਿੱਚ ਡਿੱਠਾ, ਕਿ ਬਘਿਆੜ ਦੱਬੇ ਪੈਰੀਂ ਇਆ, ਅਤੇ ਬੱਕਰੇ ਨੂੰ ਝੱਟ ਚੁੱਕ ਲੈ ਚੱਲਿਆ। ਜੱਟ ਠਕੇ ਭੱਜਿਆ, ਕੁੱਛੜ ਡੂਢ ਬਰਸ ਦਾ ਬਾਲ ਸਾ, ਛੇਤੀ ਨੂੰ ਭੋਂ ਪੁਰ ਬਹਾਲ ਦਿੱਤਾ, ਅਤੇ ਇੱਕ ਮੋਟਾ ਜਿਹਾ ਡੰਡਾ ਬਘਿਆੜ ਵੱਲ ਆਇਆ; ਇਸ ਦੁਖਦਾਈ ਨੇ ਘਾਬਰਕੇ ਰੇ ਨੂੰ ਛੱਡ ਦਿੱਤਾ, ਬਾਲ ਦੀ ਵੱਲ ਧ੍ਯਾਨ ਪੈ ਗਿਆ

ਝਪਟਕੇ ਉਸ ਨੂੰ ਲੈ ਭੱਜਾ, ਵਿਚਾਰਾ ਪਿਉ ਹਾਲ ਪੁਕਾਰ ਕਰ-
ਦਾ ਮਗਰ ਨੱਠਾ, ਪਰ ਅਕਾਰਥ; ਬਘਿਆੜ ਪੱਤ੍ਰਾ ਵਾਚ ਗਿਆ,
ਬਾਲ ਦਾ ਪਤਾ ਨਾ ਲੱਗਾ ॥

ਬਘਿਆੜ, ਲੂੰਬੜੀਆਂ, ਗਿੱਦੜ ਨੁਹਾਰ ਵਿੱਚ ਕੁੱਤੇ ਨਾਲ
ਬਹੁਤ ਮਿਲਦੇ ਗਿਲਦੇ ਹਨ। ਇਸ ਨੁਹਾਰ ਦੇ ਜੰਤੂ ਮਾ
ਖਾਂਦੇ ਹਨ, ਸਭਨਾਂ ਦੇ ਦੰਦ ਗਿਣਤੀ ਅਤੇ ਬਣਾਉ ਵਿਚ ਇੱ
ਜਿਹੇ ਹੁੰਦੇ ਹਨ। ਬਿੱਲੀ, ਸ਼ੇਰ ਆਦਿਕਾਂ ਦੀ ਤਰਾਂ ਪੱਬਾਂ ਪੁ
ਚਲਦੀ ਹੈ, ਪਰ ਨਹੁੰ ਅਜੇਹੇ ਤ੍ਰਿੱਖੇ ਨਹੀਂ ਹੁੰਦੇ, ਨਾ ਉਨ੍
ਵਾਕਰ ਅੰਦਰ ਖਿੰਜ ਸਕਦੀ ਹੈ ॥

## ਸਹਿਆ ॥

ਤੁਸੀਂ ਪੈੱਲੀਆਂ ਯਾ ਜੰਗਲ ਵਿਖੇ ਚਲੇ ਜਾਂਦੇ ਹੋ, ਤਾਂ ਇਧਿ
ਉਧਿਰ ਕਿਤੇ ਝਾੜੀਆਂ ਜੇਹੀਆਂ ਵਿਖਾਲੀ ਦਿੰਦੀਆਂ ਹਨ
ਕਿਤੇ ਝੂੰਗੀਆਂ ਵਿਖਾਲੀ ਦਿੰਦੀਆਂ ਹਨ, ਇਨ੍ਹਾਂ ਹੀ ਵੱਚੋਂ ਇੱ
ਨਿੱਕੀ ਜਿਹੀ ਵਸਤੁ ਪੈਰਾਂ ਦੇ ਵਿਚਦੀ ਨਿੱਕਲ ਭੱਜਦੀ
ਘਸਮੈਲਾ ਰੰਗ ਹੁੰਦਾ ਹੈ, ਅਤੇ ਇਸ ਵੇਗ ਨਾਲ ਜਾਂਦੀ
ਕਿ ਤੁਸੀ ਦੇਖਦੇ ਹੀ ਰਹ ਜਾਂਦੇ ਹੋ; ਇਹੋ ਸਹਿਆ ਹੈ। ਜਿਸ ਝਾ
ਵਿੱਚੋਂ ਨਿੱਕਲਦਾ ਹੈ, ਉੱਥੇ ਜਾਕੇ ਵੇਖੋ, ਤਾਂ ਕਿਤੇ ਨਾ ਕਿਤੇ

ਵਿਛਾਈ ਜ਼ਰੂਰ ਧ੍ਯਾਨ ਪਏਗੀ; ਉਹ ਐਨੀ ਹੁੰਦੀ ਹੈ, ਕਿ
ਹਿਆ ਉਸ ਵਿਖੇ ਠੀਕ ਮੇਉਂ ਜਾਂਦਾ ਹੈ, ਸੁਥਰਾ ਪੱਧਰਾ ਕੂਲਾ
ਨ੍ਹਾ ਘਾ ਪਸੰਦ ਕਰ ਲੈਂਦਾ ਹੈ, ਸਦਾ ਉੱਥੇ ਹੀ ਰੰਹਦਾ ਹੈ,
ਵਿਖੇ ਉਸ ਦੇ ਸਰੀਰ ਦਾ ਉਹੋ ਜਿਹਾ ਚਿਨ੍ਹ ਬਣ ਜਾਂਦਾ ਹੈ,
ਬੜ ਚੂਹਿਆਂ ਵਾਕਰ ਭੌਂ ਵਿਖੇ ਨਹੀਂ ਰੰਹਦਾ, ਅਤੇ ਨਾ
ਈ ਅਜੇਹੀ ਥਾਂ ਹੀ ਬਣਾਉਂਦਾ ਹੈ, ਕਿ ਵੇਲੇ ਸਿਰ ਬਚਾਉ
ਈ ਕੰਮ ਆਏ। ਵੈਰੀਆਂ ਕੋਲੋਂ ਬਚਣ ਲਈ ਇਸ ਦੇ
ਨ ਕੋਈ ਹਥਿਆਰ ਨਹੀਂ; ਪੈਰਾਂ ਦੀ ਤ੍ਰਿੱਖੀ ਚਾਲ ਹੀ ਬਚਾਉ
॥

ਸਹੀ ਵਰ੍ਹੇ ਵਿੱਚ ਤ੍ਰੈ ਚਾਰ ਵਾਰ ਬੱਚੇ ਦਿੰਦੀ ਹੈ। ਬਾਹਲੇ
ਕ ਸੂਏ ਵਿੱਚ ਚਾਰ ਤਕ ਹੁੰਦੇ ਹਨ, ਜੰਮਦੇ ਹੀ ਬੱਚਿਆਂ
ਆਂ ਅੱਖਾਂ ਖੁੱਲ ਜਾਂਦੀਆਂ ਹਨ, ਇਧਿਰ ਉਧਿਰ ਟਪੂਸੀਆਂ
ਰਦੇ ਫਿਰਦੇ ਹਨ, ਮਹੀਨੇ ਭਰ ਵਿੱਚ ਮਾਉਂ ਕੋਲੋਂ ਅੱਡ
ਕੇ ਚਰਨ ਚੁਗਣ ਲੱਗ ਪੈਂਦੇ ਹਨ। ਸਹੇ ਦਾ ਰੰਗ ਘਸਮੈਲਾ
ਦਾ ਹੈ, ਢਿੱਡ ਚਿੱਟਾ, ਉੱਪਰ ਨੂੰ ਉੱਠੀ ਹੋਈ ਛੋਟੀ ਜਿਹੀ
ਟੀ ਪੂਛ, ਚਾਰ ਲੰਮੇ ਲੰਮੇ ਤ੍ਰਿੱਖੇ ਦੰਦ ਅੱਗੇ ਨੂੰ, ਦੋ ਹੇਠਾਹਾਂ,
ਉੱਪਰ, ਇਨ੍ਹਾਂ ਨਾਲ ਆਪਣਾ ਖੱਜਾ ਕੁਤਰਦਾ ਹੈ। ਇਸ
ਹੌਲਾ ਪੋਲਾ ਸਰੀਰ, ਲੰਮੀਆਂ ਰੀਵੀਲੀਆਂ ਲੱਤਾਂ ਦੌੜਨ

ਦੇ ਯੋਗਤਾ ਚੰਗੀਆਂ ਹਨ। ਇਸ ਦੇ ਕੋਈ ਮਗਰ ਪੈਂਦਾ ਹੈ, ਤਾਂ ਉਚਾਈ ਦੀ ਵੱਲ ਨੂੰ ਦੌੜਦਾ ਹੈ, ਕਾਰਣ ਇਹ ਹੈ, ਕਿ ਇਸ ਦੇ ਪਿਛਲੇ ਪੈਰ ਲੰਮੇ ਲੰਮੇ ਹੁੰਦੇ ਹਨ, ਝੜਾਉ ਪੁਰ ਸੁਖਾਲਾ ਚੜ੍ਹ ਜਾਂਦਾ ਹੈ। ਪਰਮੇਸੁਰ ਨੈ ਕੰਨ ਅਜੇਹੇ ਬਣਾਏ ਹਨ, ਕਿ ਉਨ੍ਹਾਂ ਨੂੰ ਹਰ ਪਾਸੇ ਭੁਆ ਸਕਦਾ ਹੈ, ਇਹੀ ਕਾਰਣ ਹੈ, ਕਿ ਖੜਕਾ ਹੁੰਦੇ ਸਾਰ ਝਟ ਕੰਨ ਖੜੇ ਕਰ ਲੈਂਦਾ ਹੈ। ਗੱਦੋ ਵਾਕਰ ਲੰਮੇ ਲੰਮੇ ਕੰਨ ਹਨ, ਇਸੇ ਲਈ ਇਸ ਨੂੰ ਫਾਰਸੀ ਵਿੱਚ ਖ਼ਰਗੋਸ਼ ਅਰਥਾਤ ਖੋਤੇ ਕੰਨਾਂ ਕੰਹਦੇ ਹਨ। ਅੱਖਾਂ ਪਿਛਾਹਾਂ ਨੂੰ ਐਨੀਆਂ ਹਟੀਆਂ ਹੋਈਆਂ ਹੁੰਦੀਆਂ ਹਨ, ਕਿ ਮੂੰਹ ਫੇਰਕੇ ਦੇਖਣ ਦੀ ਲੋੜ ਨਹੀਂ, ਪਿਛਲੀਆਂ ਵਸਤਾਂ ਚੰਗੀਆਂ ਮਲੂਮ ਹੁੰਦੀਆਂ ਹਨ, ਉੱਪਰਲਾ ਬੁੱਲ ਚੀਰਿਆ ਹੋਇਆ ਹੁੰਦਾ ਹੈ॥

ਫੁਰਤੀ ਅਤੇ ਭੁੜਕਣ ਤੇ ਛੁੱਟ ਇਸ ਦੇ ਪਾਹ ਇੱਕ ਹੋਰ ਬਚਾਉ ਦੀ ਵਸਤੁ ਹੈ, ਉਹ ਕੀ? ਇਸ ਦਾ ਛਲ; ਕੋਈ ਸ਼ਿਕਾਰੀ ਇਸ ਦਾ ਪਿੱਛਾ ਕਰਦਾ ਹੈ, ਤਾਂ ਇਹ ਹਜਾਰਾਂ ਛਲ ਬਲੀਆਂ ਕਰਕੇ ਨਿੱਕਲ ਜਾਂਦਾ ਹੈ। ਦੋ ਤਰਾਂ ਦਿਆਂ ਕੁੱਤਿਆਂ ਨਾਲ ਇਸ ਦਾ ਸ਼ਿਕਾਰ ਕਰਦੇ ਹਨ, ਇੱਕ ਤਾਜੀ, ਜਿਨ੍ਹਾਂ ਦੇ ਵਡੇ ਵਡੇ ਡੀਲ ਹੁੰਦੇ ਹਨ, ਅਤੇ ਲੰਮੀਆਂ ਲੰਮੀਆਂ ਲੱਤਾਂ

ਉਹ ਦੇਖਦੇ ਜਾਂਦੇ ਹਨ, ਅਤੇ ਪਿੱਛੇ ਦੌੜਦੇ ਹਨ, ਨੇੜੇ ਆ ਜਾਂਦੇ ਹਨ, ਤਾਂ ਸਹਿਆ ਕੰਨੀ ਕਤਰਾ ਜਾਂਦਾ ਹੈ, ਕੁੱਤੇ ਛੇਤੀ ਰੁਕ ਨਹੀਂ ਸਕਦੇ, ਅੱਗੇ ਨਿੱਕਲ ਜਾਂਦੇ ਹਨ, ਫੇਰ ਉਸ ਦੇ ਨੇੜੇ ਪਹੁੰਚਦੇ ਹਨ, ਤਾਂ ਇਹੋ ਚਾਲ ਚਲਦਾ ਹੈ, ਇਸ ਲਈ ਸਹੇ ਦੇ ਫੜਨ ਵਿੱਚ ਕੁੱਤਿਆਂ ਨੂੰ ਵਡਾ ਵਲ ਵਲਾਵਾਂ ਖਾਣਾ ਪੈਂਦਾ ਹੈ। ਦੂਜੇ ਮੁਸਕ ਲੈਣਵਾਲੇ ਕੁੱਤੇ, ਇਨ੍ਹਾਂ ਦੇ ਡੀਲ ਛੋਟੇ ਛੋਟੇ ਹੁੰਦੇ ਹਨ। ਸਹਿਆ ਇਨ੍ਹਾਂ ਕੋਲੋਂ ਬਹੁਤ ਅੱਗੇ ਨਿੱਕਲ ਜਾਂਦਾ ਹੈ, ਏਹ ਮਗਰ ਮਗਰ ਮੁਸਕ ਲੈਂਦੇ ਲੈਂਦੇ ਦੌੜੇ ਜਾਂਦੇ ਹਨ। ਸਹਿਆ ਚੰਗੀ ਤਰਾਂ ਜਾਣਦਾ ਹੈ, ਕਿ ਉਸ ਦੀ ਮੁਸਕ ਭੁਲ ਜਾਏ ਤਾਂ ਫੇਰ ਇਨ੍ਹਾਂ ਦੇ ਹੱਥ ਨਾ ਆਇਗਾ, ਕਦੇ ਕੰਧ ਪੁਰ ਚੜ ਜਾਂਦਾ ਹੈ, ਉੱਪਰ ਉੱਪਰ ਚਲਿਆ ਜਾਂਦਾ ਹੈ, ਦੂਜੀ ਥਾਂ ਜਾ ਉੱਤਰਦਾ ਹੈ, ਕਦੇ ਜਿਸ ਰਾਹ ਜਾਂਦਾ ਹੈ, ਉਸੇ ਰਾਹ ਪਰਤਕੇ ਹੋਰ ਵੱਲ ਨੂੰ ਨਿੱਕਲ ਜਾਂਦਾ ਹੈ, ਝਾੜੀਆਂ ਹੋਣ, ਤਾਂ ਇੱਕ ਤੇ ਦੂਜੀ ਵਿੱਚ ਛਲਾਂਗਾਂ ਮਾਰਦਾ ਚਲਿਆ ਜਾਂਦਾ ਹੈ, ਪਾਣੀ ਸਾਮਣੇ ਆ ਜਾਏ, ਤਾਂ ਛਾਲ ਮਾਰਦਾ ਹੈ, ਥੋੜਾ ਦਿਰ ਤਰਕੇ ਕਿਸੇ ਹੋਰ ਪਾਸੇ ਜਾ ਨਿੱਕਲਦਾ ਹੈ, ਕਦੇ ਲੂੰਬੜੀ ਆ-ਦਿਕ ਦਿਆਂ ਟੋਇਆਂ ਵਿੱਚ ਬੀ ਜਾ ਲੁਕਦਾ ਹੈ॥

ਸਹੇ ਦੇ ਵੈਰੀ ਢੇਰ ਹਨ, ਮਨੁੱਖ ਖਾਂਦੇ ਹਨ, ਬਹੁਤੇਰੇ ਪੰਖੇ-

ਰੂ ਅਤੇ ਜੰਤੂ ਬੀ ਇਸ ਪੁਰ ਪੈਂਦੇ ਹਨ, ਸੋ ਐਂਨੇ ਮਾਰੇ ਜਾਂਦੇ ਹਨ, ਕਿ ਜੇ ਐਂਨੇ ਬਹੁਤੇ ਬੱਚੇ ਨਾ ਦੇਣ, ਤਾਂ ਇੱਕ ਸਹਿਆ ਬੀ ਨਾ ਦਿੱਸੇ। ਇਹ ਜੀਵ ਮਨੁੱਖਾਂ ਕੋਲੋਂ ਬਹੁਤ ਡਰਦਾ ਹੈ, ਪਰ ਫੇਰ ਬੀ ਕਦੇ ਕਦੇ ਡਾਢਾ ਗਿੱਝ ਜਾਂਦਾ ਹੈ। ਇਹ ਘਾ ਬੂਟ ਖਾਂਦਾ ਹੈ, ਇਹਨੂੰ ਤਰਕਾਰੀਆਂ ਬੀ ਬਹੁਤ ਭਾਉਂਦੀਆਂ ਹਨ। ਏਹ ਅਨਾਜ ਦੇ ਸਾਵੇ ਸਾਵੇ ਖੇਤ ਉਜਾੜ ਦਿੰਦੇ ਹਨ, ਅਰ ਥਾਤ ਜੜਾਂ ਤਕ ਖਾ ਜਾਂਦੇ ਹਨ॥

ਸਹੇ ਜੇਹੇ ਹੋਰ ਬੀ ਢੇਰ ਜੀਵ ਹਨ, ਕਿ ਜਿਨ੍ਹਾਂ ਦੇ ਮੂੰ ਵਿਖੇ ਅੱਗੇ ਨੂੰ ਵਧੇ ਹੋਏ ਚਾਰ ਲੰਮੇ ਲੰਮੇ ਤ੍ਰਿਖੇ ਦੰਦ ਹੁੰ ਹਨ; ਦੋ ਹੇਠਾਹਾਂ, ਦੋ ਉਪਰਾਹਾਂ, ਇਨ੍ਹਾਂ ਨਾਲ ਆਪਣੇ ਚਾ ਨੂੰ ਕੁਤਰਦੇ ਹਨ, ਅਤੇ ਦਾੜ੍ਹਾਂ ਨਾਲ ਚੱਬਕੇ ਖਾਂਦੇ ਹਨ ਗਾਲ੍ਹੜ, ਚੂਹਾ, ਚੂਹੀ, ਘੀਸ, ਸੇਹ, ਆਦਿਕ ਸਾਰੇ ਕੁਤਰਨ ਵਾਲੇ ਜੰਤੂ ਹਨ॥

## ਬਾਂਦਰ॥

ਏਹ ਬਾਹਲੇ ਗਰਮ ਦੇਸਾਂ ਵਿਖੇ ਹੁੰਦੇ ਹਨ, ਬਹੁਤੇਰੇ ਪ੍ਰਕਾ ਦੇ ਹਨ, ਕਈ ਮਨੁੱਖ ਮਨੁੱਖ ਜੇਡੇ ਹੁੰਦੇ ਹਨ, ਕਈ ਬਹੁਤ ਛੋ ਨੁਹਾਰ ਵਿਖੇ ਬੀ ਬਹੁਤ ਭੇਦ ਹੈ, ਕਿਸੇ ਦੀ ਪੂਛਲ ਟ

ਹੁੰਦੀ ਹੈ, ਕਿਸੇ ਦੀ ਛੋਟੀ ਕਿਸੇ ਦੀ ਹੁੰਦੀਓ ਨਹੀਂ; ਹਾਂ, ਇੱਕ ਗੱਲ ਵਿੱਚ ਏਹ ਸਾਰੇ ਬਰਾਬਰ ਹਨ, ਕਿ ਚਾਰ ਹੱਥ ਹੁੰਦੇ ਹਨ, ਅਗਲੇ ਪਿਛਲੇ ਚਾਰੇ ਪੰਜੇ ਬਰਾਬਰ ਚਲਦੇ ਹਨ, ਮਨੁੱਖ ਦੇ ਹੱਥ ਵਾਕਰ ਹੱਥ, ਉਹੋ ਜਿਹੀਆਂ ਉਂਗਲੀਆਂ, ਉਹੋ ਜਿਹਾ ਅੰਗੂਠਾ, ਇਨ੍ਹਾਂ ਨਾਲ ਹਰ ਵਸਤੂ ਨੂੰ ਫੜ ਲੈਂਦੇ ਹਨ, ਇਸ ਨੂੰ ਚੁਹੱਥਾ ਜੰਤੂ ਕਹਣਾ ਚਾਹੀਏ, ਜਿੱਥੇ ਹੋਰ ਜੰਤੂ ਚੜ ਨਹੀਂ ਸਕਦੇ, ਇਨ੍ਹਾਂ ਹੀ ਹੱਥਾਂ ਦੇ ਸਹਾਰੇ ਨਾਲ ਬੇ ਲਾਗ ਅਤੇ ਬੇ-ਧੜਕ ਚੜ ਜਾਂਦੇ ਹਨ। ਇਹ ਗੱਲ ਬੀ ਸਾਰਿਆਂ ਵਿੱਚ ਦੇਖੀ ਜਾਂਦੀ ਹੈ, ਕਿ ਭਾਂਤ ਭਾਂਤ ਦੇ ਲੁਚਪੁਣੇ ਕਰਦੇ ਹਨ, ਲੋਕਾਂ ਦੇ ਸੁਆਂਗ ਲਾਉਂਦੇ ਹਨ। ਇਹ ਗੱਲ ਡਾਢੀ ਹੈ, ਕਿ ਜੋ ਕੁਝ ਦੇਖਦੇ ਹਨ, ਫੇਰ ਓਵੇਂ ਉਹੀਓ ਕਰਨ ਲੱਗ ਪੈਂਦੇ ਹਨ॥

ਜੋ ਬਾਂਦਰ ਇਸ ਦੇਸ ਵਿਖੇ ਬਾਹਲੇ ਦਿੱਸਦੇ ਹਨ, ਉਨ੍ਹਾਂ ਦਾ ਡੀਲ ਵਿਚਲੇ ਮੇਲ ਦਾ ਹੁੰਦਾ ਹੈ, ਲੰਮੀ ਪੂਛ, ਭੂਰੀ ਜਿਹੀ ਪਿੱਠ ਲੱਤਾਂ ਅਤੇ ਹੋਰ ਬਾਕੀ ਦਾ ਧੜ ਭੂਸਲਾ ਜਿਹਾ, ਕਾਲੀ-ਆਂ ਹਥੇਲੀਆਂ। ਬਾਂਦਰ ਜੁਆਨੀ ਪੁਰ ਆਉਂਦਾ ਹੈ, ਤਾਂ ਉਸ ਦਾ ਮੂੰਹ ਬਾਂਦਰੀ ਦੇ ਮੂੰਹ ਕੋਲੋਂ ਸੰਘਣਾ ਲਾਲ ਹੋ ਜਾਂਦਾ ਹੈ। ਇਹ ਅਚਰਜ ਜੰਤੂ ਹੈ, ਜਿੱਥੇ ਬਾਹਲੇ ਹੁੰਦੇ ਹਨ, ਉੱਥੇ ਇੱਕ ਉਪੱਦਰ ਹੁੰਦਾ ਹੈ। ਹਿੰਦੂ ਇਸਨੂੰ ਪਵਿੱਤ੍ਰ ਜੰਤੂ ਜਾਣਦੇ ਹਨ।

ਏਹ ਮੰਦਰਾਂ ਅਤੇ ਸ਼ਿਵਾਲਿਆਂ ਦੇ ਆਸ ਪਾਸ ਵਡੇ ਦੁਖਦਾਈ ਅਤੇ ਦਿਲੇਰ ਬਣ ਜਾਂਦੇ ਹਨ, ਕਾਰਣ ਇਹ ਹੈ, ਕਿ ਸਿਆਣਾ ਹੈ, ਉਹ ਬੀ ਸਮਝਦਾ ਹੈ, ਕਿ ਇੱਥੇ ਮੈਨੂੰ ਕੋਈ ਨਾ ਛੇੜੇਗਾ। ਪਿੰਡਾਂ ਦੇ ਰਹਣਵਾਲੇ, ਘਰਾਂ ਦੀਆਂ ਛੱਤਾਂ ਪੁਰ ਛਾਪੇ ਵਿਛਾ ਛੱਡਦੇ ਹਨ, ਪਰ ਅਕਾਰਥੇ ਏਹ ਉਨ੍ਹਾਂ ਨੂੰ ਸੁੱਟ ਪਾਉਂਦੇ ਹਨ, ਇਧਿਰ ਉਧਿਰ ਕੁੱਦਦੇ ਟੱਪਦੇ ਫਿਰਦੇ ਹਨ, ਤਰਾਂ ਤਰਾਂ ਦੀ ਖਚਰਵਿੱਦਜਾ ਕਰਦੇ ਹਨ। ਜੰਗਲਾਂ ਵਿਖੇ ਹੁੰਦੇ ਹਨ, ਤਾਂ ਮੇਵਿਆਂ, ਅੰਨ ਤੇ ਛੋਟਿਆਂ ਛੋਟਿਆਂ ਰੁੱਖਾਂ ਨੂੰ ਚੱਬਕੇ ਜੀਉਂਦੇ ਹਨ, ਪਰ ਵਾਸੀ ਹੋਇ ਤਾਂ ਬਜ਼ਾਰਾਂ ਵਿੱਚ ਦੌੜਦੇ ਫਿਰਦੇ ਹਨ, ਹਲਵਾਈਆਂ ਅਤੇ ਨਾਨਬਾਈਆਂ ਦੀਆਂ ਹੱਟਾਂ ਪੁਰ ਦਾਉ ਲਾਈ ਰੰਹਦੇ ਹਨ, ਹਟਵਾਣੀਏ ਦੀ ਰਤੀ ਅੱਖ ਬਚ ਜਾਏ ਤਾਂ ਜੋ ਮਿਲੇ, ਲੈ ਦੌੜਦੇ ਹਨ, ਲੋਕ ਬੋਲਦੇ ਹੀ ਰਹ ਜਾਂਦੇ ਹਨ, ਕਿ ਫੜੋ ਫੜੋ ਓਹ ਲੈ ਗਇਆ, ਓਹ ਲੈ ਗਇਆ! ਅਚਰਜ ਤਮਾਸਾ ਹੁੰਦਾ ਹੈ, ਇਹ ਕੰਧ ਯਾ ਰੁੱਖ ਪੁਰ ਜੌਂਕੀ ਖਾਈ ਜਾਂਦਾ ਹੈ, ਸਾਈਂ ਹੇਠਾਂ ਖਲੋਕੇ ਪਿਆ ਤੱਕਦਾ ਹੈ, ਬੁਰਾ ਭਲਾ ਕਹ ਰਿਹਾ ਹੈ; ਇਹ ਵੇਖ ਵੇਖਕੇ ਕਦੇ ਹੱਸਦਾ ਹੈ, ਕਦੇ ਘੁਰਕਦਾ ਹੈ, ਕਦੇ ਮੂੰਹ ਬਣਾਉਂਦਾ ਹੈ। ਜਾਂ ਫਲ ਖਾਂਦਾ ਹੈ, ਤਾਂ ਸੁਕੜਕੇ ਬੈਠ ਜਾਂਦਾ ਹੈ, ਕੂਲੀਆਂ ਕੂਲੀਆਂ ਉਂਗਲੀਆਂ

ਨਾਲ ਉਸਦੀ ਛਿੱਲ ਲਾਹੁੰਦਾ ਹੈ, ਅਤੇ ਕੁਤਰਦਾ ਜਾਂਦਾ ਹੈ, ਅਜੇਹਾ ਪਰਤੀਤ ਹੁੰਦਾ ਹੈ, ਜਿਹਾ ਕੋਈ ਚਟੋਰ ਬਾਲ ਸੁਆਦ ਲਾ ਲਾ ਚੱਟਦਾ ਅਤੇ ਜੌਂਕੀ ਖਾਂਦਾ ਹੈ॥

ਏਹ ਵਡੇ ਸਮਝਵਾਲੇ ਹੁੰਦੇ ਹਨ, ਜੋ ਸਿਖਲਾਓ, ਸੁਖਾਲੇ ਸਿੱਖ ਜਾਂਦੇ ਹਨ, ਮਦਾਰੀਆਂ ਦੇ ਨਾਲ ਸਿਖਾਲੇ ਹੋਏ ਜੋਤੂ ਹੁੰਦੇ ਹਨ, ਓਹ ਭਾਂਤ ਭਾਂਤ ਦੇ ਤਮਾਸ਼ੇ ਕਰਦੇ ਹਨ, ਉਨ੍ਹਾਂ ਵਿੱਚ ਇੱਕ ਦੋ ਬਾਂਦਰ ਅਸਲੂੰ ਹੁੰਦੇ ਹਨ, ਓਹ ਨੱਚਦੇ ਹਨ, ਡੌਰੂ ਬਜਾਉਂਦੇ ਹਨ, ਕਲਾਬਾਜੀਆਂ ਖਾਂਦੇ ਹਨ, ਕਦੇ ਬੱਕਰੇ ਉੱਤੇ ਚੜ੍ਹਦੇ ਹਨ, ਅਜੇਹੇ ਆਗਯਾਕਾਰ ਹੁੰਦੇ ਹਨ, ਕਿ ਆਪਣੇ ਸਾਈਂ ਦੀ ਹਰ ਸੈਨਤ ਨੂੰ ਮੰਨਦੇ ਹਨ॥

ਬਾਂਦਰਾਂ ਦੀਆਂ ਅਚਰਜ ਚੰਗੀਆਂ ਚੰਗੀਆਂ ਨਕਲਾਂ ਹਨ, ਕੈਂਹਦੇ ਹਨ, ਕਿ ਇੱਕ ਸ਼ਾਹ ਕੋਲ ਦੋ ਬਾਂਦਰ ਸਨ, ਇੱਕ ਵੱਡਾ ਸਾ, ਪਰ ਕੁਸੋਹਬਲਾ, ਦੂਜਾ ਨਿੱਕਾ ਸਾ, ਪਰ ਸੂੰਹਣਾ। ਛੋਟੇ ਨਾਲ ਸਾਰੇ ਸਨੇਹ ਕਰਦੇ ਸੇ, ਵੱਡਾ ਸੜ ਬਲਕੇ ਉਹਦਾ ਵੈਰੀ ਹੋ ਗਇਆ। ਸਦਾ ਦੇਖਦਾ ਰੈਂਹਦਾ, ਕਿ ਦਾਉ ਲੱਗੇ ਤਾਂ ਵੱਟਾ ਲੈਕੇ ਜੀਉ ਠੰਡਾ ਕਰਾਂ। ਇੱਕ ਦਿਨ ਘਰ ਵਿਖੇ ਕਲੀ ਹੋ ਰਹੀ ਸੀ, ਰਾਜ ਮਜੂਰ ਤਾਂ ਕੰਮ ਵਿੱਚ ਲੱਗੇ ਹੋਏ ਸੇ, ਵੱਡੇ ਬਾਂਦਰ ਨੈ ਇਸ ਸਮਯ ਨੂੰ ਦੁਰਲੱਭ ਸਮਝਿਆ, ਕਲੀ ਦੀ

ਭਰੀ ਹੋਈ ਹਾਂਡੀ ਚਾ ਲਈ, ਸਾਥੀ ਦੀ ਗਰਦਨ ਫੜ ਉਹਦੇ ਸਾਰੇ ਪਿੰਡੇ ਪੁਰ ਫੇਰ ਦਿੱਤੀ, ਕੂਚੀ ਨੂੰ ਸਿੱਟ ਝੱਟ ਰੁੱਖ ਪੁਰ ਜਾ ਚੜ੍ਹਿਆ, ਹੁਣ ਕਿਸ ਦਾ ਡਰ ਸਾ? ਭੁੜਕਕੇ ਜਾ ਬੈਠਾ, ਹੱਸ ਹੱਸਕੇ ਮੂੰਹ ਝਿਗਾਉਣ ਲੱਗਾ, ਵਿਚਾਰਾ ਚਿੱਟੇ ਜਾਮੇ ਨੂੰ ਬਹੁਤ ਹੀ ਉਤਾਰਦਾ ਪਰ ਕੁਝ ਨਾ ਹੋ ਸਕਦਾ ਸਾ॥

# ਝਾੜ ਚੂਹਾ, ਯਾ ਕੰਡੇਰਨਾ॥

ਹਿੰਦੁਸਤਾਨ ਵਿਖੇ ਇਸਨੂੰ ਜੰਗਲੀ ਚੂਹਾ ਕੰਹਦੇ ਹਨ, ਪਰ ਅਸਲੋਂ ਇਹ ਚੂਹੇ ਦੀ ਜਾਤਿ ਵਿੱਚੋਂ ਨਹੀਂ, ਕਿ ਇੱਕ ਨਿੱਕਾ ਜਿਹਾ ਅਚਰਜ ਜਨੌਰ ਹੈ, ਕੋਈ ਨੌ ਇੰਚਾਂ ਲੰਮਾਂ, ਪਿੱਠ ਪੁਰ ਕੰਡੇਲੀ ਅਮਰੀ ਸੰਜੋਇ, ਨਿੱਕੀਆਂ ਨਿੱਕੀਆਂ ਨਿਰਬਲ ਲੱਤਾਂ, ਲੰਮਾਂ ਨੱਕ, ਨਿੱਕੀਆਂ ਨਿੱਕੀਆਂ ਅੱਖਾਂ, ਪੈਰ, ਮੂੰਹ, ਹੇਠਲੇ ਅੰਗ ਕੂਲੇ ਕੂਲੇ। ਪਿੱਠ ਪੁਰ ਕੰਡੇ ਨਾ ਹੁੰਦੇ, ਤਾਂ ਬੇ-ਆਸਰਾ ਸਾ, ਇਹ ਸੰਜੋਇ ਇਸ ਲਈ ਹੈ, ਕਿ ਇਸਨੂੰ ਆ-ਸਰਾ ਰਹੇ। ਇਸ ਪੁਰ ਕੋਈ ਲਪਕਦਾ ਹੈ, ਤਾਂ ਇਕੱਠਾ ਹੋਕੇ ਖੇਹਨੂੰ ਬਣ ਜਾਂਦਾ ਹੈ, ਸਿਰ ਨੂੰ ਪੂਛਲ ਨਾਲ ਮਿਲਾ ਦਿੰਦਾ ਹੈ, ਸੁੰਗੜਕੇ ਰਹ ਜਾਂਦਾ ਹੈ, ਲੱਤਾਂ ਅਤੇ ਕੂਲਾ ਕੂਲਾ ਪਿੰਡਾ ਲੁਕ ਜਾਂਦੇ ਹਨ, ਕੰਡੇ ਉੱਪਰ ਖੜੇ ਜਾਂਦੇ ਹਨ, ਹੁਣ ਅਜੇਹ

ੇਸਦਾ ਹੈ, ਕਿ ਜਿਹਾ ਇਰਿੰਡ ਦਾ ਇੱਕ ਵੱਡਾ ਸਾਰਾ ਭੂਰਾ ਫਲ ੁਦਾ ਹੈ, ਹੁਣ ਵੈਰੀ ਇਸ ਪੁਰ ਧਾਵਾ ਕਰੇ, ਤਾਂ ਕੀ ਕਰੇ? ਇਸ ੂ ਆਪਣੇ ਬਲ ਦੀ ਆਪ ਬੀ ਖਬਰ ਹੈ। ਦੇਖੋ, ਸੁੰਗੜ ਜਾਂਦਾ ੋ, ਤਾਂ ਅੱਗ ਯਾ ਪਾਣੀ ਪਾਏ ਬਿਨਾ ਖੁਲਦਾ ਨਹੀਂ। ਮਦੀਨ ਆਪਣਿਆਂ ਬੱਚਿਆਂ ਨੂੰ ਬਹੁਤ ਚਾਹੁੰਦੀ ਹੈ, ਬੱਚੇ ਬਹੁਤ ਸਾਰੇ ੁਦੇ ਹਨ, ਸਬਨਾਂ ਦੀ ਉਹੀਓ ਸਾਰ ਲੈਂਦੀ ਹੈ। ਇਨ੍ਹਾਂ ਦੀ ੂਹਾਰ ਅਚਰਜ ਸੁੰਹਣੀ ਹੁੰਦੀ ਹੈ, ਪਿੱਠ ਪੁਰ ਨਿੱਕੇ ਨਿੱਕੇ ੱਗੇ ਕੰਡੇ ਗੁਲਾਬੀ ਮੂੰਹ, ਮੀਟੀਆਂ ਹੋਈਆਂ ਅੱਖਾਂ॥

ਇਹ ਜਨੌਰ ਦਿਨ ਨੂੰ ਘੱਟ ਦਿਸਦਾ ਹੈ, ਸੰਧ੍ਯਾ ਵੇਲੇ ਾਹਰ ਨਿੱਕਲਦਾ ਹੈ, ਜਿੰਉ ਜਿੰਉ ਰਾਤ ਹੁੰਦੀ ਹੈ, ਤਿੰਉ ਤਿੰਉ ੁਸ ਦਾ ਚਿੱਤ ਪ੍ਰਸੰਨ ਹੁੰਦਾ ਹੈ, ਭੋਜਨ ਦੀ ਟੋਲ ਵਿਖੇ ਇਧਿਰ ੁਧਿਰ ਦੌੜਦਾ ਫਿਰਦਾ ਹੈ, ਛੋਟੇ ਛੋਟੇ ਕੀੜੇ, ਫਲ ਜੜੀ ਬੂਟੀ ੁਸਦਾ ਖੱਜਾ ਹੈ, ਸੱਪ ਡੱਡੂ ਕਿਰਲੀ ਨੂੰ ਬੀ ਖਾ ਜਾਂਦਾ ਹੈ, ੁਸਦੇ ਦੰਦ ਤਾਂ ਨਿੱਕੇ ਨਿੱਕੇ ਹੁੰਦੇ ਹਨ, ਪਰ ਸ਼ਿਕਾਰ ਨੂੰ ੱਡੀਆਂ ਸਣੇ ਇੱਕੁਰ ਚੱਬ ਜਾਂਦਾ ਹੈ, ਜਿੰਉ ਘੋੜਾ ਗਾਜਰ ੂ ਚੱਬ ਜਾਂਦਾ ਹੈ। ਇਸਦਾ ਲਾਂਹਗਾ ਬਾਹਲਾ ਕੀੜਿਆਂ ਪੁਰ ', ਇਹਨੂੰ ਕੀੜੇ ਖਾਣਾ ਕਹਣਾ ਚਾਹੀਦਾ ਹੈ। ਕਿਰਮਭੱਖੀ ੍ਨੌਰ ਹੋਰ ਬੀ ਬਹੁਤ ਹਨ, ਜਿਹਾ ਕਿ ਚਕਚੂੰਦਰ ਆਦਿਕ॥

# ਚਾਮਚੜਿਕ ਯਾ ਚਾਮਚਿੱਟ॥

ਦੋਵੇਂ ਪੁਰ ਮਿਲਦਿਆਂ, ਜਾਂ ਦੀਵੇ ਜਗਦੇ ਹਨ, ਤਾਂ ਇੱਕ ਹੋਰ ਹੀ ਸੂਰਤ ਦਾ ਜਨੌਰ, ਸਾਡਿਆਂ ਸਿਰਾਂ ਉੱਪਰਦੀ ਉਡਦਾ ਹੋਇਆ ਜਾਂਦਾ ਹੈ, ਵਡੀ ਛੇਤੀ ਨਾਲ, ਪਰ ਚੁਪਚੁਪਾਤਾ ਅਜੇਹਾ ਹੌਲਾ ਫੁੱਲ, ਕਿ ਜਿਉ ਕੋਈ ਪੜਛਾਵਾਂ ਨਿਕਲ ਜਾਏ। ਤੁਸੀਂ ਜਾਣਦੇ ਹੋ ? ਚਾਮਚਿੱਟ ਇਹੀਓ ਹੈ, ਭਾਵੇਂ ਇਹ ਉਡਦਾ ਹੈ, ਪਰ ਅਸਲੋਂ ਪੰਖੇਰੂਆਂ ਵਿੱਚੋਂ ਨਹੀਂ, ਆਂਡੇ ਨਹੀਂ ਦਿੰਦਾ। ਚਾਰਪਾਯਾ ਜੰਤੂ ਹੈ, ਬੱਚਿਆਂ ਨੂੰ ਮੰਮਿਆਂ ਨਾਲ ਦੁੱਧ ਚੁੰਘਾਉਂ- ਦਾ ਹੈ। ਪਿੰਡਾ ਤਾਂ ਦੇਖੋ, ਜਿਹੀ ਚੂਹੀ, ਕੂਲੀ ਕੂਲੀ ਭੂਰੀ ਲੂਈਂ ਗੋਲ ਗੋਲ ਲੰਮੇ ਕੰਨ। ਤੁਸੀਂ ਕਦੇ ਧਯਾਨ ਕਰਕੇ ਵੇਖਣਾ। ਕਿ ਇਸ ਦੀਆਂ ਭੁਜਾਂ ਵਿਖੇ ਖੰਭ ਨਹੀਂ, ਪਰ ਚੀਕਣੀ ਕਾਲੀ ਝਿੱਲੀ ਹੈ, ਜੋ ਅਗਲਿਆਂ ਪੰਜਿਆਂ ਤੋਂ ਲੈ ਪਿਛਲਿਆਂ ਪੰਜਿਆਂ ਤਕ ਛਾਈ ਹੋਈ ਹੈ, ਜਿੱਕੁਰ ਤੁਸੀਂ ਗੁੱਡੀ ਉਡਾਉਂਦੇ ਹੋ, ਅਤੇ ਉਸ ਦੀਆਂ ਕਾਂਪਾਂ ਪੁਰ ਕਾਗਜ ਮੜ੍ਹਿਆ ਹੁੰਦਾ ਹੈ, ਉਸੇ ਤਰ੍ਹਾਂ ਇਸ ਪੁਰ ਝਿੱਲੀ ਮੜ੍ਹੀ ਹੈ, ਇਹੀ ਇਸਨੂੰ ਖੰਭਾਂ ਦਾ ਕੰਮ ਦਿੰਦੀ ਹੈ। ਭਾਵੇਂ ਇਸਦੇ ਪਾਸ ਉਡਣ ਲਈ ਐਨਾ ਬਲੇਵਾ ਹੈ, ਅਤੇ ਤੁਸੀਂ ਬੀ ਰੋਜ ਦੇਖਦੇ ਹੋ, ਕਿ ਅਕਾਸ ਵਿਖੇ ਹਜਾਰਾਂ ਚੱਕਰ

ਲਾਉਂਦੀ ਹੈ, ਪਲਟੀਆਂ ਖਾਂਦੀ ਹੈ, ਪਰ ਬਾਹਲਿਆਂ ਪੰਖੀਆਂ ਦੇ ਬਰਾਬਰ ਵਾਉ ਵਿਖੇ ਚਿਰ ਤਕ ਟਿਕ ਨਹੀਂ ਸਕਦੀ॥

ਚਾਮਚਿੱਟ ਬਹੁਤੀਆਂ ਤਰਾਂ ਦੇ ਹਨ, ਕਈ ਮੇਵੇ ਖਾਂਦੇ ਹਨ, ਕਈ ਕੀੜੇ ਮਕੌੜੇ, ਪਰ ਸਧਾਰਣ ਚਾਮਚਿੱਟ ਹਰ ਥਾਂ ਹੁੰਦੀ ਹੈ, ਸੰਧਯਾ ਦੇ ਵੇਲੇ ਜਦ ਚਾਹੋ, ਦੇਖ ਸਕਦੇ ਹੋ। ਲਓ, ਉਹ ਲੋਇ ਦੇ ਦੁਆਲੇ ਚੱਕਰ ਲਾ ਰਹੀ ਹੈ, ਇਸਨੂੰ ਡਰਾਓ ਨਹੀਂ, ਇਹ ਮੱਛਰ ਫੜਦੀ ਹੈ। ਮੱਛਰਾਂ, ਗੁੱਤੀ ਅਤੇ ਹੋਰਨਾਂ ਤਰਾਂ ਦਿਆਂ ਕੀੜਿਆਂ ਨਾਲ ਗੁਜਾਰਾ ਕਰਦੀ ਹੈ, ਉਹ ਅਤਿ ਛੇਤੀ ਨਾਲ ਸਾਡੇ ਪਾਸੋਂ ਲੰਘ ਜਾਂਦੀ ਹੈ, ਤਾਂ ਇਸੇ ਸ਼ਿਕਾਰ ਦੀ ਭਾਲ ਵੱਚ ਹੁੰਦੀ ਹੈ। ਸਭਿਆਰ ਸੁਲੱਖਣੀ ਉਹ ਸੰਧਯਾ ਹੈ, ਜਦ ਏਸਨੂੰ ਬਹੁਤ ਸਾਰੇ ਕੀੜੇ ਮਿਲ ਜਾਣ। ਸਿਆਲ ਵਿਖੇ ਏਸਦਾ ਸ਼ਿਕਾਰ ਘੱਟ ਦੇਖਣ ਵਿੱਚ ਆਉਂਦਾ ਹੈ, ਤਾਂ ਕਈ-ਆਂ ਦਿਨਾਂ ਤਕ ਬਰਾਬਰ ਸੁੱਤੀ ਰੰਹਦੀ ਹੈ। ਸੰਧਯਾ ਤੇ ਮੂਹਰੇ ਦੇ ਨਹੀਂ ਨਿੱਕਲਦੀ। ਦਿਨ ਨੂੰ ਅਨੇਰਿਆਂ ਛੇਕਾਂ ਵਿਖੇ ਛੱਤਾਂ ਦਿਆਂ ਖੂੰਜਿਆਂ ਵਿਖੇ, ਸੰਘਣੀ ਛਾਉਂਦਾਰ ਰੁੱਖ ਵਿਖੇ, ਕਿਸੇ ਧ ਯਾ ਕਿਸੇ ਮਹਲ ਦੀ ਤ੍ਰੇੜ ਵਿਖੇ ਚੰਬੜੀ ਹੋਈ ਹੁੰਦੀ ਹੈ। ਏਸਦਾ ਸੌਂਣਾ ਬੀ ਜਗਤ ਕੋਲੋਂ ਵੱਖਰਾ ਹੈ, ਸਿਰ ਹੇਠਾਹਾਂ ਰਦੀ ਹੈ, ਇੱਕ ਪੰਜੇ ਨਾਲ ਕਿਸੇ ਵਸਤੂ ਨੂੰ ਫੜ ਲੈਂਦੀ ਹੈ,

ਅਤੇ ਲਮਕ ਰੋਂਹਦੀ ਹੈ ॥

ਕਿਤੇ ਤੁਸੀਂ ਪੁੱਛੋਗੇ, ਕਿ ਅਨੇਰੇ ਵਿੱਚ ਕਿੱਕੁਰ ਦੇਖਦੀ ਹੈ ? ਕਾਰਣ ਇਹ ਹੈ, ਕਿ ਇਸ ਦੇ ਨੇਤ੍ਰ ਬੀ ਅਜੇਹੇ ਹਨ, ਕਿ ਜੋ ਬਿੱਲੀ ਦੇ, ਪਰ ਐਂਨਾ ਭੇਦ ਹੈ, ਕਿ ਬਹੁਤੀ ਲੋਇ ਵਿਖੇ ਘਾ ਬਰ ਜਾਂਦੀ ਹੈ, ਇਸੇ ਕਰਕੇ ਟੱਕਰ ਖਾਂਦੀ ਹੈ। ਪਰ ਜਾਂ ਚੌਕਸ ਨਾਲ ਉਡਦੀ ਹੈ, ਤਾਂ ਉਹੋ ਝਿੱਲੀ, ਜੋ ਖੰਬਾਂ ਦਾ ਕੰਮ ਦਿੰਦੀ ਹੈ ਇਸਦਾ ਆਗੂ ਬਣਦੀ ਹੈ, ਅਰਥਾਤ ਉਸਦੀ ਸਹਾਇਤ ਨਾਲ ਆਸ ਪਾਸ ਦੀਆਂ ਵਸਤਾਂ ਦਾ ਹਾਲ ਇਸਨੂੰ ਮਲੂਮ ਹੋ ਜਾਂਦਾ ਹੈ, ਇਸ ਤੇ ਛੁੱਟ ਇੱਕ ਹੋਰ ਗੱਲ ਬੀ ਹੈ, ਉਹੋ ਮਹੀਨ ਝਿੱਲੀ ਜੋ ਇਸ ਦਿਆਂ ਹੱਥਾਂ ਤੇ ਲੈ ਪੈਰਾਂ ਤਕ ਮੜ੍ਹੀ ਹੁੰਦੀ ਹੈ ਅਤੇ ਪੰਖਾਂ ਦਾ ਕੰਮ ਦਿੰਦੀ ਹੈ, ਉਹ ਬੀ ਇਸਨੂੰ ਹਰ ਬਾਤ ਦੀ ਖਬਰ ਦਿੰਦੀ ਹੈ, ਅਤੇ ਉਸ ਨਾਲ ਹਰ ਵਸਤੁ ਦਾ ਹਾਲ ਮਲੂਮ ਕਰ ਲੈਂਦੀ ਹੈ। ਤੁਸੀਂ ਕਹੋਗੇ, ਕਿ ਖੰਬਾਂ ਨਾਲ ਤਾਂ ਵਸਤੂ ਨੂੰ ਤਦੇ ਮਲੂਮ ਕਰਾਂਗੇ, ਕਿ ਜਦ ਖੰਬਾਂ ਨਾਲ ਲੱਗੇ, ਜਦ ਟੱਕਰ ਲੱਗ ਗਈ, ਤਾਂ ਫੇਰ ਮਲੂਮ ਹੋਣ ਦਾ ਕੀ ਗੁਣ ਹੈ ? ਪਰ ਇਹੋ ਤਮਾਸ਼ੇ ਦੀ ਗੱਲ ਹੈ, ਕਿ ਇਸ ਨਾਲ ਛੂਹਣ ਤੇ ਬਿਨਾ ਬੀ ਵਸਤੁ ਮਲੂਮ ਹੋ ਜਾਂਦੀ ਹੈ, ਅਰਥਾਤ ਜਦ ਉਹ ਉੱਡਣ ਲਈ ਵਾਉ ਵਿਖੇ ਪੰਖ ਮਾਰਦੀ ਹੈ, ਜੇ ਕੋਈ ਛੋਟੀ ਤੇ ਛੋਟ

ਵਸਤੁ ਪਾਸ ਹੁੰਦੀ ਹੈ, ਤਾਂ ਉਵੇਂ ਖੰਭਾਂ ਨੂੰ ਪਰਤੀਤ ਹੋ ਜਾਂਦਾ ਹੈ, ਝੱਟ ਬਰਕੇ ਨਿੱਕਲ ਜਾਂਦੀ ਹੈ। ਬੁੱਧਿਮਾਨਾਂ ਨੈ ਇਨ੍ਹਾਂ ਗੱਲਾਂ ਨੂੰ ਸਿੱਧ ਕੀਤਾ ਹੈ, ਪਰ ਅਚਰਜ ਬੇਤਰਸੀ ਨਾਲ, ਕਈਆਂ ਚਾਮ-ਚਿੱਟਾਂ ਨੂੰ ਫੜਕੇ ਉਨ੍ਹਾਂ ਦੇ ਅੱਨੇ ਕੱਢ ਚਾਏ, ਫੇਰ ਇੱਕ ਦਲਾ-ਨ ਵਿਖੇ ਇਧਿਰ ਉਧਿਰ ਡੋਰਾਂ ਤਾਂਣ ਦਿੱਤੀਆਂ, ਇਨ੍ਹਾਂ ਵਿਚਾ-ਰਿਆਂ ਜਨੌਰਾਂ ਨੂੰ ਅੰਨੇ ਕਰਕੇ ਛੱਡ ਦਿਤਾ, ਵੇਖਿਆ, ਕਿ ਉਹ ਚੰਗੀ ਤਰਾਂ ਉਡਾਰੀਆਂ ਮਾਰਦੀਆਂ ਫਿਰਦੀਆਂ ਹਨ ਡੋਰਾ ਨਾਲ ਰਤੀ ਨਹੀਂ ਟੱਕਰਦੀਆਂ, ਇਸ ਲਈ ਕਿ ਜਦ ਡੋਰਾਂ ਦੇ ਕੋਲ ਆਉਂਦੀਆਂ ਸਨ, ਤਾਂ ਇਨ੍ਹਾਂ ਦਿਆਂ ਕੂਲਿਆਂ ਖੰਭਾਂ ਨੂੰ ਉਵੇਂ ਪਰਤੀਤ ਹੋਜਾਂਦਾ ਸਾ॥

# ਪੰਖੇਰੂਆਂ ਦਾ ਹਾਲ॥

---

## ਕੁੱਕੁੜ॥

ਕੁੱਕੁੜ ਕੁੱਕੜੀ ਬਹੁਤ ਪਰਸਿੱਧ ਹਨ, ਵਧੇਰੇ ਚਿਨ ਚੱਕਰ ਦੱਸਣ ਦੀ ਲੋੜ ਨਹੀਂ, ਜਿਸ ਦੇਸ ਵਿਖੇ ਜਾਓ, ਉੱਥੇ ਹੀ ਫਿਰ-ਦੇ ਦਿੱਸਦੇ ਹਨ; ਕੁੱਤਿਆਂ, ਬਿੱਲੀਆਂ, ਘੋੜਿਆਂ, ਬਲਦਾਂ ਵਾ-

ਕਰ ਜਿੱਥੇ ਮਨੁੱਖ ਰਹ ਸਕਦਾ ਹੈ, ਉੱਥੇ ਏਹ ਬੀ ਮਿਲਦੇ ਹਨ। ਸਬਨਾਂ ਪੰਛੀਆਂ ਵਿੱਚੋਂ ਇਸ ਜਨੌਰ ਤੇ ਵਧੀਕ ਲਾਭ ਹਨ ॥

ਕੁੱਕੁੜ ਵਡਾ ਵਰਿਆਮ ਅਤੇ ਸੁੋਹਣਾ ਹੈ, ਜਾਂ ਉਹ ਆਪ-ਣੀਆਂ ਕੁੱਕੜੀਆਂ ਦੀ ਟੋੱਲੀ ਨੂੰ ਨਾਲ ਲੈ ਆਕੜਕੇ ਚਲਦਾ ਹੈ, ਤਾਂ ਅਜੇਹਾ ਪਰਤੀਤ ਹੁੰਦਾ ਹੈ, ਕਿ ਜਾਣੋ ਉਹ ਬੀ ਚੰਗੀ ਤਰਾਂ ਸਮਝਦਾ ਹੈ ਕਿ ਅਸੀਂ ਬੀ ਕੁਝ ਹਾਂ, ਅਤੇ ਕੇਹੀ ਬਣਤ ਨਾਲ ਚਲੇ ਜਾਂਦੇ ਹਨ। ਕਿਸੇ ਕੰਧ, ਯਾ ਪੱਥਰ, ਯਾ ਟਿੱਲੇ ਪੁਰ ਬੈਠਦਾ ਹੈ, ਤਾਂ ਤੀਸਮਾਰਖਾਂ ਮਲੂਮ ਹੁੰਦਾ ਹੈ, ਗਲ ਨੂੰ ਛੁਲਾਉਂਦਾ ਹੈ, ਛਾਤੀ ਫੁਲਾਉਂਦਾ ਹੈ, ਅਤੇ ਸਾਰੇ ਸਰੀਰ ਦਾ ਬਲ ਲਾਕੇ ਬੋਲਦਾ ਹੈ, ਕਿ ਕੁੱਕੜੂ ਘੂੰ, ਜਾਣੋ, ਸਾਰੇ ਸੰਸਾਰ ਨੂੰ ਸੁਣਾਉਂਦਾ ਹੈ, ਕਿ ਦੇਖੋ, ਅਸੀਂ ਕੇਹੇ ਬਾਂਕੇ ਅਤੇ ਸੂਰਮੇ ਹਾਂ। ਇਹ ਲੜਾਈ ਪੁਰ ਮਰਦਾ ਹੈ। ਇਸ ਦੀਆਂ ਲੱਤਾਂ ਦੇ ਅੰਦਰ-ਵਾਰ ਨੂੰ ਤ੍ਰਿੱਖੇ ਕੰਡੇ ਹੁੰਦੇ ਹਨ, ਉਨ੍ਹਾਂ ਨਾਲ ਆਪਣਿਆਂ ਵੈਰੀ-ਆਂ ਦਾ ਬਹੁਤ ਜਾਨ ਕਰਦਾ ਹੈ। ਕਦੇ ਕਦੇ ਬੇਤਰਸ ਲੋਕ ਇਸ-ਦੇ ਸੰਗ੍ਰਾਮੀ ਸੁਭਾਵ ਨਾਲ ਆਪਣੇ ਮਨ ਨੂੰ ਪ੍ਰਸੰਨ ਕਰਦੇ ਹਨ, ਓਹ ਇਸ ਦਿਆਂ ਅਸਲੀ ਹਥਿਆਰਾਂ ਅਰਥਾਤ ਕੰਡਿਆਂ ਪੁਰ ਬੀ ਨਹੀਂ ਖਲੋਂਦੇ, ਸਗੋਂ ਉਨ੍ਹਾਂ ਪੁਰ ਤ੍ਰਿੱਖਾ ਲੋਹਾ ਚੜ੍ਹਾਉਂਦੇ ਹਨ, ਅਤੇ ਇਸਨੂੰ ਵੈਰੀ ਦੇ ਸਾਮਣੇ ਛੱਡਦੇ ਹਨ, ਕਿ ਉਹ ਬੀ

:ਸੇ ਤਰਾਂ ਤਿਆਰ ਹੁੰਦਾ ਹੈ। ਅਚਰਜ ਦੀ ਗੱਲ ਹੈ, ਕਿ ਜਾਂ ਖ਼ਤ ਲੜਾਈ ਹੁੰਦੀ ਹੈ, ਤਾਂ ਕਈ ਮਨੁੱਖ ਇਸ ਬੇਤਰਸੀ ਨੂੰ ਖ ਵੇਖ ਬਹੁਤ ਰੀਝਦੇ ਹਨ। ਜੋ ਮਨੁੱਖ ਵਰਿਆਮ ਯਾ ਮੁੰਡਾ ਲੇਰ ਹੋਇਗਾ, ਉਹ ਤਾਂ ਅਜੇਹੇ ਕੰਮ ਵਿਖੇ ਪ੍ਰਸੰਨ ਹੋਕੇ ਕਦੇ ਾ ਰੁੱਝੇਗਾ॥

ਕੁੱਕੜੀ ਬਹੁਤੇ ਆਂਡੇ ਦਿੰਦੀ ਹੈ, ਖਾਣ ਵਿੱਚ ਵਡੇ ਸੁਆਦ ਦੇ ਹਨ। ਬੱਚੇ ਕੱਢਦੀ ਹੈ, ਤਾਂ ਵਡੇ ਧੀਰਜ ਨਾਲ ਇਕੱਤੀ-ਾਂ ਦਿਨਾਂ ਤਕ ਬੈਠੀ ਆਂਡੇ ਸੇਉਂਦੀ ਹੈ। ਇਹ ਆਪਣਿਆਂ ਚਿਆਂ ਨੂੰ ਵਡੀ ਦਲੇਰੀ ਨਾਲ ਬਚਾਉਂਦੀ ਹੈ, ਕੁੱਤੇ ਬਿੱਲੀ-ਾਂ ਇਸਦੇ ਦੜਬੇ ਦੇ ਕੋਲ ਜਾਣ, ਤਾਂ ਖੰਭਾਂ ਨੂੰ ਖਿਲਾਰਕੇ ੜ ਕੁੜਾਉਂਦੀ ਦੌੜਦੀ ਹੈ। ਇਸਦੀ ਡਰਾਉਣੀ ਸੂਰਤ ਤੇ ਰਤੀਤ ਹੁੰਦਾ ਹੈ, ਕਿ ਮਰਣ ਮਾਰਣ ਨੂੰ ਤਿਆਰ ਹੈ, ਇਸ ਲੇ ਦਿਲੇਰ ਜਨੌਰ ਦਾ ਹੀ ਕੰਮ ਹੈ, ਕਿ ਇਸ ਦਾ ਸਾਮ੍ਹਣਾ ਰ ਸੱਕੇ। ਇੱਲ ਇਸ ਦਿਆਂ ਬੱਚਿਆਂ ਪੁਰ ਮੰਡਲਾਉਂਦੀ ਾਉਂਦੀ ਹੈ, ਤਾਂ ਝੱਟ ਉਨ੍ਹਾਂ ਨੂੰ ਖੰਭਾਂ ਦੇ ਹੇਠ ਲੁਕਾ ਲੈਂਦੀ ਹੈ। ਇਸਦੇ ਬੱਚੇ ਵਡੇ ਸੁਹਣੇ ਹੁੰਦੇ ਹਨ, ਗੁਲਾਬੀ ਲੱਤਾਂ, ਗੋਲ ਲ ਕਾਲੀਆਂ ਅੱਖਾਂ, ਤਾਰਿਆਂ ਵਾਕਰ ਚਮਕਦੀਆਂ ਹੋਈਆਂ। ੀਲਿਆਂ, ਚਿੱਟਿਆਂ, ਕੂਲਿਆਂ ਕੂਲਿਆਂ ਲੂਆਂਦਾਰ ਖੱਲ ਦਾ

ਝੱਗਾ ਪਹਨੇ ਹੋਏ ਚੂੰ ਚੂੰ ਕਰਦੇ ਫਿਰਦੇ ਹਨ ॥

ਕੁੱਕੜ ਕੁੱਕੜੀਆਂ ਕਿਰਮ ਆਦਿਕ ਖਾਂਦੇ ਹਨ, ਪੈਲੀਆਂ, ਘਰਾਂ, ਅਤੇ ਰਾਹਾਂ ਪੁਰੋਂ ਦਾਣੇ ਵਾਣੇ ਚੁਗ ਲੈਂਦੇ ਹਨ। ਏਹ ਆਪਣਾ ਖਾਜਾ ਬਾਹਲਾ ਭੋਂ ਖੋਤਰਕੇ ਕੱਢਦੇ ਹਨ, ਇਸ ਲਈ ਪਰਮੇਸੁਰ ਨੇ ਇਨ੍ਹਾਂ ਦੀਆਂ ਲੱਤਾਂ ਤਕੜੀਆਂ ਬਣਾਈਆਂ ਹਨ; ਪੰਜੇ ਚੌੜੇ ਚੌੜੇ, ਨਹੁੰਦ੍ਰਾਂ ਵਿੰਗੀਆਂ। ਮੋਰ, ਪੀਰੂ ਅਰਥਾਤ ਫੀਲਮੁਰਗ, ਚਕੋਰ, ਤਿੱਤਿਰ, ਬਟੇਰੇ, ਸਭ ਇਸੇ ਪ੍ਰਕਾਰ ਦੇ ਖੋਤਰਨਵਾਲੇ ਜੰਤੂ ਹਨ ॥

# ਚੁਣੀਆ ਬੱਤਕ ॥

ਇਹ ਵਡੀ ਤਾਰੂ ਹੈ, ਥਲ ਕੋਲੋਂ ਜਲ ਵਿਖੇ ਅਤਿ ਅਰਾਮ ਨਾਲ ਰੰਹਦੀ ਹੈ। ਰਤੀ ਵੇਖੋ ਤਾਂ ਸਹੀ, ਕੇਹੀ ਵਾਉ ਵਾਕਰ ਤਰਦੀ ਜਾਂਦੀ ਹੈ, ਕਿਤੇ ਚੁੱਭੀ ਮਾਰਦੀ ਹੈ, ਕਿਤੇ ਜਾ ਨਿੱਕਲਦੀ ਹੈ। ਕੇਹੀ ਸੁਹਣੀ ਹੈ! ਤ੍ਰਿੱਖੀ ਜਾਪਦੀ ਹੈ। ਦੇਖਣਾ, ਉਹ ਕੰਢੇ ਪੁਰ ਜਾ ਪੁੱਜੀ, ਹੁਣ ਉੱਪਰ ਚੜ੍ਹਦੀ ਹੈ। ਇਸਦਾ ਲੰਮਾ ਸਰੀਰ ਹੈ, ਨਿੱਕੀਆਂ ਨਿੱਕੀਆਂ ਲੱਤਾਂ ਪੂਛਲ ਦੇ ਲਾਗ ਨੂੰ ਹਨ, ਕੁਮੇ ਹਬਲੀ ਜੇਹੀ ਹੈ। ਤੁਹਾਨੂੰ ਪਰਤੀਤ ਆਉਂਦੀ ਹੈ, ਕਿ ਇ ਉਹੋ ਹੈ, ਜੋ ਤਰਦੀ ਸੀ, ਇਸ ਦੀਆਂ ਲੱਤਾਂ ਨੂੰ ਰਤੀ ਧਜਾ

ਾਲ ਵੇਖੋ, ਤਾਂ ਜਾਣੋਗੇ ਕਿ ਅਜੇਹੀ ਛੋਤੀ ਕਿਉਂ ਤੁਰਦੀ ਹੈ, ਸੋਹਬਲੀ ਤਰਾਂ ਕਿਉਂ ਤੁਰਦੀ ਹੈ। ਵੇਖੋ, ਇਸ ਦੀ ਇੱਕ ਂਗੁਲੀ, ਪਿੱਛੇ ਮੁੜੀ ਹੋਈ ਹੈ, ਸਾਮਣੇ ਦੀਆਂ ਬਾਕੀ ਤ੍ਰੈ ਂਗੁਲੀਆਂ ਦੇ ਵਿਚਕਾਰ ਇੱਕ ਝਿੱਲੀ ਫੈਲਰੀ ਹੋਈ ਹੈ, ਉਸ ਾਲ ਸਾਰਾ ਪੰਜਾ ਚੌੜਾ ਹੋਕੇ ਇੱਕ ਪੱਖਾ ਜਿਹਾ ਮਲੂਮ ਹੁੰਦਾ । ਤਰਨ ਵਿਖੇ ਇਹ ਛੋਤੀ ਇਨ੍ਹਾਂ ਪੰਜਿਆਂ ਦਾ ਹੀ ਸਦਕਾ ਹੈ, ਹ ਇਸਨੂੰ ਚੱਪਿਆਂ ਦਾ ਕੰਮ ਦਿੰਦੇ ਹਨ, ਪਾਣੀ ਨੂੰ ਵਡੇ ਬਲ ਾਲ ਪਿੱਛੇ ਹਟਾਉਂਦੇ ਹਨ, ਪਰ ਟੁਰਨ ਵਿਖੇ ਦੁੱਖ ਦਿੰਦੇ ਨ ॥

ਇਹ ਆਂਡੇ ਬਹੁਤ ਦਿੰਦੀ ਹੈ, ਪਰ ਬੇਸੰਤੋਖਣ ਅਤੇ ਅਲ-ਲੀ ਹੈ, ਚੰਗੀ ਤਰਾਂ ਨਹੀਂ ਸੇਉਂਦੀ, ਇਸ ਲਈ ਇਸ ਦਿਆਂ ਾਂਡਿਆਂ ਨੂੰ ਬਾਹਲਾ ਕੁੱਕੜੀ ਦੇ ਹੇਠਾਂ ਬਹਾਉਂਦੇ ਹਨ। ਨਿੱਕੇ ੱਕੇ ਬੱਚੇ ਪੀਲਿਆਂ ਪੀਲਿਆਂ ਲੂਆਂ ਦੀਆਂ ਪੋਸਤੀਨਾਂ ਪਹਨੇ ਏ ਜਾਂ ਕਿਸੇ ਕੁੱਕੜੀ ਦੇ ਮਗਰ ਮਗਰ ਫਿਰਦੇ ਹਨ, ਤਾਂ ਅਚਰਜ ਮਾਸ਼ਾ ਹੁੰਦਾ ਹੈ, ਕੁੱਕੜੀ ਜਲ ਦੇ ਪਾਸ ਪਹੁੰਚਦੀ ਹੈ, ਤਾਂ ਉਨ੍ਹਾਂ ਆਪਣੇ ਹੀ ਬੱਚੇ ਜਾਣਕੇ ਅਤੇ ਆਪਣਾ ਹੀ ਹਾਲ ਸਮਝਕੇ ਢੇ ਪੁਰ ਡੱਕਦੀ ਹੈ, ਓਹ ਗੜੱਪ ਪਾਣੀ ਵਿਖੇ ਪਏ, ਅਤੇ ਰਨ ਲੱਗੇ। ਮਾਂ ਕੰਢੇ ਪੁਰ ਖਲੋਤੀ ਵੇਂਹਦੀ ਹੈ, ਹਰਾਨ ਹੁੰਦੀ

ਹੋਇਗੀ ਕਿ ਬੱਚੇ ਤਾਂ ਉਹ ਕਰਮ ਕਰਦੇ ਹਨ, ਜੋ ਮੋਤੇ ਬੀ ਨਹੀ
ਹੋ ਸਕਦਾ। ਇਹਦਾ ਖੱਜਾ ਚੰਗਾ ਨਹੀਂ, ਗੰਦਗੀ ਭੁੱਖ ਜਨੌਰ ਹੈ
ਚਿੱਕੜ, ਪਾਣੀ, ਤੁਹਾਡੀ ਸਿੱਟੀ ਡੋਹਲੀ ਵਸਤੂ ਜੋ ਕੁਝ ਅੱ
ਆ ਜਾਏ ਖਾ ਪੀ ਲੈਂਦੀ ਹੈ। ਇਸਨੂੰ ਨਿਰਮਲ ਜਲ ਕੋਲੋ
ਮੈਲਾ ਕੁਚੈਲਾ ਪਾਣੀ ਅਤਿ ਭਾਉਂਦਾ ਹੈ, ਖਲੋਤੇ ਜਲ ਵਿ
ਜਿੱਥੇ ਡੀਲਾ ਆਦਿਕ ਹੋਏ, ਬਹੁਤ ਪਰਸੰਨ ਹੁੰਦੀ ਹੈ, ਕਿਉਂ
ਨਿੱਕੇ ਨਿੱਕੇ ਕੀੜੇ ਇਹਨੂੰ ਇੱਥੇ ਹੀ ਮਿਲਦੇ ਹਨ, ਇਨ੍ਹਾਂ
ਆਪਣੀ ਪੱਧਰੀ ਅਤੇ ਚੌੜੀ ਚੁੰਝ ਨਾਲ ਪਕੜਦੀ ਹੈ ਅ
ਨਿਗਲ ਜਾਂਦੀ ਹੈ ॥

ਪਲੀਆਂ ਹੋਈਆਂ ਚੁਣੀਆਂ ਬੱਤਕਾਂ ਦੇ ਖੰਭ ਅਜੇਹੇ ਛੋ
ਛੋਟੇ ਹੁੰਦੇ ਹਨ, ਕਿ ਔਖੀਆਂ ਉਡ ਸਕਦੀਆਂ ਹਨ, ਹਾਂ ਜਾਂਗਨ
ਬੱਤਕਾਂ ਅਰਥਾਤ ਮੁਰਗਾਬੀਆਂ ਜੋ ਦਰਿਆਵਾਂ ਅਤੇ ਛੰਭਾਂ
ਆਸ ਪਾਸ ਦਿਸਦੀਆਂ ਹਨ, ਓਹ ਚੰਗੀ ਤਰਾਂ ਉਡਦੀਆਂ ਹ
ਪਰ ਜਲ ਸਭ ਨੂੰ ਚੰਗਾ ਮਲੂਮ ਹੁੰਦਾ ਹੈ, ਚੱਲਣ ਅਤੇ ਉੱਡ
ਕੋਲੋਂ ਜਲ ਵਿਖੇ ਬਹੁਤ ਪ੍ਰਸੰਨ ਰੈਹਦੀਆਂ ਹਨ। ਇਸੇ ਪ੍ਰਕ
ਦੇ ਹੋਰ ਬਹੁਤੇਰੇ ਤਾਰੂ ਪਰਿੰਦੇ ਹਨ, ਜਿਹਾ ਕਿ ਹੰਸ, ਚਕਵ
ਪਰਮੇਸੁਰ ਨੇ ਇਨ੍ਹਾਂ ਦੇ ਪੈਰ ਬੀ ਅਜੇਹੇ ਹੀ ਬਣਾਏ ਹਨ ॥

# ਗਿੱਧ॥

ਰਤੀ ਸਾਮਣੇ ਦੇਖਣਾ! ਕਿੰਨੀਆਂ ਗਿੱਧਾਂ ਜੁੜ ਰਹੀਆਂ ਹਨ! ਕੇਸੇ ਚਾਟ ਦਾ ਲੋਭ ਹੋਇਗਾ। ਓਹੋ! ਕੋਈ ਮੁਰਦਾਰ ਬੈਲ ਹੈ, ਯਾ ਕੇਸੇ ਗੱਦੋ ਦੀ ਲੋਥ ਹੈ—ਅਜੇਹਾ ਮਾਸ ਹੀ ਖਾ ਖਾਕੇ ਝੱਟ ਟਪਾਉਂਦੀਆਂ ਹਨ। ਇਨ੍ਹਾਂ ਦੀਆਂ ਸੂਰਤਾਂ ਕੇਹੀਆਂ ਭੈੜੀਆਂ ਅਤੇ ਡਰਾਉਣੀਆਂ ਹਨ—ਵੱਡੇ ਵੱਡੇ ਡੀਲ ਮੈਲੇ ਮੈਲੇ ਭੂਰੇ ਭੂਰੇ ਖੰਭ, ਨੰਗੀਆਂ ਨੰਗੀਆਂ ਗਰਦਣਾਂ ਗੰਜੇ ਗੰਜੇ ਸਿਰ, ਮੁੜੀਆਂ ਹੋਈਆਂ ਚੁੰਜਾਂ, ਪਾੱਟੇ ਪਾੱਟੇ ਦੀੱਦੇ ਕੇਹੇ ਕੁਚੀਲ ਜਨੌਰ ਹਨ! ਕੇਹੀਆਂ ਮੈਲੀਆਂ ਵਸਤਾਂ ਨੂੰ ਸੁਆਦ ਲਾ ਲਾਕੇ ਖਾਂਦੀਆਂ ਹਨ! ਏਹ ਆਪਣੇ ਖੱਜੇ ਪੁਰ ਐਉਂ ਡਿਗਦੀਆਂ ਹਨ, ਕਿ ਅਸੀਂ ਸਿਰ ਉੱਤੇ ਜਾ ਪਹੁੰਚਦੇ ਹਾਂ, ਤਾਂਹੀਓ ਖਬਰ ਹੁੰਦੀ ਹੈ, ਫੇਰ ਆਪਣੇ ਭੋਜਨ ਨੂੰ ਅਰਮਾਨ ਨਾਲ ਛੱਡ ਦਿੰਦੀਆਂ ਹਨ, ਚੌੜੇ ਚੌੜੇ ਖੰਭ ਖਿਲਾਰਕੇ ਚੁਪਚੁਪਾਤੇ ਉਡ ਜਾਂਦੀਆਂ ਹਨ, ਕੁਝ ਦੂਰ ਨਹੀਂ ਜਾਂਦੀਆਂ ਦੁਆਲੇ ਜੋ ਰੁੱਖ ਹਨ, ਉਨ੍ਹਾਂ ਹੀ ਪੁਰ ਜਾ ਬੈਠਦੀਆਂ ਹਨ, ਕਿ ਮਨ ਭਾਉਂਦਾ ਭੋਜਨ ਅੱਖਾਂ ਤੇ ਪਰੋਖੇ ਨਾ ਹੋਏ, ਜਾਂ ਵੇਲਾ ਮਿਲੇ ਝੱਟ ਆ ਮੌਜੂਦ ਹੋਣ। ਇਹ ਵਡਾ ਦਾਉ ਹੈ। ਚਾਹੁੰਦਾ ਹੈ, ਕਿ ਛੱਕੋ ਨੱਕ ਭਰ ਜਾਵਾਂ। ਚੰਗੀ ਤਰਾਂ

ਢਿੱਡ ਭਰ ਜਾਂਦਾ ਹੈ, ਤਾਂ ਕਿਸੇ ਰੁੱਖ ਦੀ ਠੂੰਡ ਯਾ ਕਿਸੇ ਉੱਚੇ ਜਿਹੇ ਟਿੱਬੇ ਪੁਰ ਜਾ ਬੈਂਹਦਾ ਹੈ, ਨੇੜ ਮੀਟ ਲੈਂਦਾ ਹੈ, ਅਧਮੋ ਇਆ ਜਿਹਾ ਐਂਨੀ ਦੇਰ ਬੈਠਾ ਰੰਹਦਾ ਹੈ, ਕਿ ਉਹ ਝੱਕਿਆਦ ਭੋਜਨ ਪਚ ਜਾਂਦਾ ਹੈ ॥

ਹੱਡੀਆਂ ਨਾਲੋਂ ਮਾਸ ਤੋੜਨ ਲਈ ਮੁਰਦਾਰ ਲੋਥ ਵਿਖੇ ਗਲ ਗਲ ਤਕ ਵੜ ਜਾਂਦਾ ਹੈ, ਸਿਰ ਅਤੇ ਗਰਦਣ ਉੱਤੇ ਪਰ ਹੁੰਦੇ, ਤਾਂ ਪਾਕ ਨਾਲ ਲਿੱਬੜਕੇ ਚੰਬੜ ਜਾਂਦੇ। ਇਸ ਦੀ ਵਿੰਗੀ ਤ੍ਰਿੱਖੀ ਚੁੰਜ ਅਤੇ ਮੁੜੇ ਹੋਏ ਤਕੜੇ ਪੰਜੇ ਮੁਰਦਾਰ ਦੇ ਚੀਰਨ ਫਾੜਨ ਨੂੰ ਵਡੇ ਚੰਗੇ ਸੁੰਦਰ ਹਨ ॥

ਕਈਆਂ ਬਹੀਰਾਂ ਦੇ ਜਨੌਰ ਜੰਗਲ ਪਰਬਤਾਂ ਦੀ ਯਾਤ੍ਰ ਵਿਖੇ ਮਾਂਦੇ ਹੋ ਜਾਂਦੇ ਹਨ; ਯਾ ਅਜੇਹੇ ਡਿਗਦੇ ਹਨ, ਕਿ ਉੱਠਣ ਜੋਗੇ ਨਹੀਂ ਰੰਹਦੇ, ਲੋਕ ਉਨ੍ਹਾਂ ਦੀ ਸਹਕਦੀ ਜਾਨ ਨੂੰ ਮੌਤ ਦੇ ਹਵਾਲੇ ਕਰਕੇ ਅੱਗੇ ਲੰਘ ਜਾਂਦੇ ਹਨ, ਗਿੱਧਾਂ ਦੂਰੋਂ ਬੈਠੀਆਂ ਉਨ੍ਹਾਂ ਦੀ ਰਾਖੀ ਕਰਦੀਆਂ ਹਨ, ਇਸੇ ਆਸ ਵਿੱਚ ਰੰਹਦੀਆਂ ਹਨ, ਕਿ ਕਦ ਉਨ੍ਹਾਂ ਦੀ ਜਾਨ ਨਿੱਕਲੇ, ਅਤੇ ਕਦ ਆਪ ਭੋਜਨ ਪੁਰ ਆ ਬੈਠੀਏ। ਇਸਨੂੰ ਰਤੀ ਵਿਚਾਰ ਨਹੀਂ, ਕਿ ਕੀ ਖਾਂਦਾ ਹਾਂ, ਜਿੰਨਾ ਗਲਿਆ ਸੜਿਆ ਮੁਰਦਾਰ ਹੋਏ, ਉਂ ਹੀ ਵਧੀਕ ਭਾਉਂਦਾ ਹੈ। ਹਾਂ, ਸਾਨੂੰ ਲਾਭ ਹੈ, ਓਹ ਮੁਰਦਾ

ਨੂੰ ਨਾ ਖਾਂਦੀਆਂ, ਤਾਂ ਵਾਯੂ ਖਰਾਬ ਹੋ ਜਾਂਦੀ, ਮਰੀ ਨਾਲ ਲੋਕਾਂ ਦੀਆਂ ਜਾਨਾਂ ਜਾਂਦੀਆਂ। ਇਹ ਜੀਉਂਦਿਆਂ ਜਨੌਰਾਂ ਪੁਰ ਘੱਟ ਛਿਗਦਾ ਹੈ; ਹਾਂ, ਕਦੇ ਬਹੁਤ ਭੁੱਖਾ ਹੋਏ, ਅਤੇ ਭੇਡ ਬੱਕਰੀ ਦਾ ਛੋਟਾ ਜਿਹਾ ਬੱਚਾ ਦਿੱਸ ਪਏ, ਤਾਂ ਉਸਨੂੰ ਚਾ ਲੈ ਜਾਂਦਾ ਹੈ। ਪੱਧਰ ਵਿਖੇ ਰੁੱਖਾਂ ਪੁਰ ਆਪਣਾ ਆਲ੍ਹਣਾ ਬਣਾਉਂਦਾ ਹੈ, ਇਸ ਦੇ ਆਲ੍ਹਣੇ ਬਾਹਲੇ ਪਿੱਪਲ ਦਿਆਂ ਰੁੱਖਾਂ ਪੁਰ ਹੁੰਦੇ ਹਨ। ਇਹ ਬਾਹਲਾ ਭੂਸਲਾ ਜਿਹਾ ਇੱਕੋ ਆਂਡਾ ਦਿੰਦੀ ਹੈ। ਪਹਾੜੀ ਗਿੱਧ ਦਾ ਆਲ੍ਹਣਾ ਪਹਾੜਾਂ ਵਿਖੇ ਉੱਚੀਆਂ ਟੀਸੀਆਂ ਪੁਰ ਅਜੇਹੇ ਥਾਂ ਹੁੰਦਾ ਹੈ, ਜਿੱਥੇ ਕੋਈ ਨਹੀਂ ਜਾ ਸਕਦਾ॥

ਢੇਰ ਪੰਛੀ ਅੰਨ ਅਤੇ ਕੀੜੇ ਖਾਂਦੇ ਹਨ, ਪਰ ਗਿੱਧ ਮਾਸ ਹੀ ਖਾਂਦੀ ਹੈ, ਇਹ ਸ਼ਿਕਾਰੀ ਪੰਛੀ ਹੈ, ਭਾਵੇਂ ਇਹਨੂੰ ਸ਼ਿਕਾਰ ਕੋਲੋਂ ਮੁਰਦਾਰ ਬਹੁਤ ਭਾਉਂਦਾ ਹੈ। ਬਾਜ਼, ਸ਼ਿਕਰਾ, ਬਹਰੀ, ਲੱਘੜ, ਇੱਲ, ਉੱਲੂ ਆਦਿਕ ਸਾਰੇ ਸ਼ਿਕਾਰੀ ਪੰਛੀ ਹਨ॥

## ਲਮਢੀਂਗ॥

ਇਹ ਹਿੰਦੁਸਤਾਨ ਵਿਖੇ ਬਹੁਤ ਹੁੰਦਾ ਹੈ, ਜਗਤ ਦਿਆਂ ਵੱਡਿਆਂ ਵੱਡਿਆਂ ਪੰਛੀਆਂ ਵਿੱਚੋਂ ਇੱਕ ਇਹ ਬੀ ਹੈ। ਖਲੋਂਦਾ ਹੈ, ਤਾਂ ਪੂਰਾ ਪੰਜ ਫੀਟ ਉੱਚਾ ਵਿਖਾਲੀ ਦਿੰਦਾ ਹੈ। ਸਮਝੋ ਤਾਂ

ਮਨੁੱਖ ਦੇ ਡੀਲ ਦੇ ਲਗ ਭਗ ਹੈ। ਖੰਭ ਖਲੇਰਦਾ ਹੈ, ਤਾਂ ਚੁੜਾਈ ਵਿਖੇ ਚੌਦਾਂ ਫੀਟ ਹੁੰਦਾ ਹੈ। ਚੁੰਜ ਤਾਂ ਵੇਖੋ, ਕੇਹੀ ਵੱਡੀ ਹੈ! ਇਸ ਨਾਲ ਵੱਡੀਆਂ ਵੱਡੀਆਂ ਵਸਤਾਂ ਚਾ ਲੈਂਦਾ ਹੈ। ਚੁੰਜ ਦੇ ਹੇਠਾਂ ਇੱਕ ਵੱਡੀ ਸਾਰੀ ਥੈਲੀ ਲਮਕਦੀ ਹੈ, ਸਿਰ, ਗਰਦਣ, ਅਤੇ ਥੈਲੀ ਉਤੇ ਖੰਭ ਨਹੀਂ ਹੁੰਦੇ, ਹੇਠਲਾ ਧੜ ਬੱਗਾ ਹੁੰਦਾ ਹੈ, ਉੱਪਰਲਾ ਘਸਮੈਲਾ, ਪਰ ਕਈਆਂ ਰੁੱਤਾਂ ਵਿਖੇ ਨਰ ਦਾ ਰੰਗ ਵੱਟ ਜਾਂਦਾ ਹੈ। ਇਹ ਵਡਪੇਟੂ ਹੈ; ਇਕ ਵਾਰ ਕਿਸੇ ਸ਼ਿਕਾਰੀ ਨੇ ਲਮਢੀਂਗ ਨੂੰ ਮਾਰਿਆ ਸਾ ਪੋੱਟਾ ਚੀਰਿਆ, ਤਾਂ ਦਸ ਇੰਚ ਲੰਮਾ ਕੱਛੂ ਅਤੇ ਇੱਕ ਕਾਲਾ ਬਿੱਲਾ ਨਿੱਕ-ਲਿਆ, ਦੋਹਾਂ ਨੂੰ ਸਮੁੱਧਾ ਹੀ ਨਿਗਲ ਗਇਆ ਸਾ। ਕਦੇ ਸਹੇ ਅਤੇ ਲੂੰਬੜੀ ਨੂੰ ਬੀ ਸਾਰੇ ਦੇ ਸਾਰੇ ਚੱਟ ਕਰ ਗਿਆ ਹੈ, ਕਸਾਈ ਦੀ ਟੋਕਰੀ ਪੁਰ ਪੁੱਜਾ, ਅਤੇ ਦਾਉ ਲੱਗ ਗਿਆ, ਤਾਂ ਭੇਡ ਦਾ ਵੱਡਾ ਸਾਰਾ ਟੁਕੜਾ ਬੀ ਉਡਾਕੇ ਹੜੱਪ ਕਰ ਗਿਆ ਹੈ॥

ਇਹਦਾ ਐਡਾ ਵੱਡਾ ਤਾਂ ਡੀਲ ਹੈ, ਪਰ ਅਤਿ ਡਰਾਕਲ ਹੈ, ਕੋਈ ਇਸਨੂੰ ਰਤੀ ਬੀ ਤਾੜੇ, ਤਾਂ ਚੁੰਝ ਖੋਹਲ ਦਿੰਦਾ ਹੈ, ਕੁਰਲਾਉਂਦਾ ਹੈ, ਕ੍ਰੋਧ ਕਰਦਾ ਹੈ, ਫੇਰ ਦੌੜ ਜਾਂਦਾ ਹੈ, ਕੁੱਕੜੀ ਬੀ ਆਪਣਿਆਂ ਬੱਚਿਆਂ ਦੇ ਬਚਾਉ ਲਈ ਲੜੇ, ਤਾਂ ਸਾਮ੍ਹਣ ਨਹੀਂ ਕਰਦਾ। ਐਡੇ ਵੱਡੇ ਪੰਖੀ ਨੂੰ ਚੋੱਗਾ ਬੀ ਬਹੁਤਾ ਹੀ ਚਾ

ਹੀਏ, ਜੀਉਂਦਾ ਜਨੌਰ ਮਾਰਨ ਦੀ ਤਾਂ ਸਮਰਥ ਨਹੀਂ, ਗਿੱਧਾਂ ਦੀ ਮਿਮਾਨੀ ਵਿਖੇ ਜਾ ਮਿਲਦਾ ਹੈ, ਅਤੇ ਆਪਣੀ ਜਾਨ ਪਾਲਦਾ ਹੈ। ਚੂਹੇ, ਕਿਰਲੇ, ਡੱਡੂ, ਅਤੇ ਹੋਰਨਾਂ ਛੋਟਿਆਂ ਛੋਟਿਆਂ ਜਨੌਰਾਂ ਨੂੰ ਬੀ ਛਕ ਜਾਂਦਾ ਹੈ। ਅਜੇਹੀਆਂ ਕਰਨੀਆਂ ਕਰਕੇ ਲੋਕ ਇਸਨੂੰ ਚੰਗਾ ਜਾਣਦੇ ਹਨ, ਸਗੋਂ ਦੁਰਲੱਭ ਜਾਣਕੇ ਇਹਦੀ ਰੱਛਾ ਕਰਦੇ ਹਨ। ਇਹ ਸਾਰਾ ਸਾਲ ਹਿੰਦੁਸਤਾਨ ਵਿਖੇ ਨਹੀਂ ਰੰਹਦਾ, ਸੋਹੇ ਵਿਖੇ ਆ ਜਾਂਦਾ ਹੈ, ਬਰਸਾਤ ਤੇ ਮਗਰੋਂ ਚਲਿਆ ਜਾਂਦਾ ਹੈ॥

ਇਹ ਹਿੰਦੁਸਤਾਨ ਦਿਆਂ ਵੱਡਿਆਂ ਵੱਡਿਆਂ ਨਗਰਾਂ ਦੇ ਗੋਇਰੇ ਬਾਹਲਾ ਵਿਖਾਲੀ ਦਿੰਦਾ ਹੈ, ਬਹੁਤ ਚੰਗੀ ਤਰਾਂ ਸਫਾਈ ਦਾ ਕੰਮ ਪੂਰਾ ਕਰਦਾ ਹੈ, ਛੰਭ ਯਾ ਨਦੀ ਦੇ ਕੰਢੇ ਰਾਜੀ ਰੰਹਦਾ ਹੈ। ਉੱਥੇ ਇਸ ਦੀਆਂ ਲੰਮੀਆਂ ਲੰਮੀਆਂ ਲੱਤਾਂ ਵਡਾ ਕੰਮ ਦਿੰਦੀਆਂ ਹਨ, ਚਿੱਕੜ ਪਾਣੀ ਵਿਖੇ ਪਿਆ ਫਿਰਦਾ ਹੈ, ਧੜ ਵੱਖਰੇ ਦਾ ਵੱਖਰਾ ਉੱਚਾ ਰੰਹਦਾ ਹੈ, ਲੰਮੀ ਜਿਹੀ ਚੁੰਝ ਨਾਲ ਚਿੱਕੜ ਫਰੋਲਦਾ ਹੈ, ਡੱਡੂ, ਮੱਛੀ, ਕੱਛੂ, ਜੋ ਕੁਝ ਵੇਂਹਦਾ ਹੈ, ਛਕ ਜਾਂਦਾ ਹੈ। ਬਗੁਲਾ, ਲਗਲਗ, ਸਾਰਕ, ਅਤੇ ਬਹੁਤੇਰੇ ਪੰਛੀ ਇਸੇ ਤਰਾਂ ਪਾਣੀ ਵਿਖੇ ਤੁਰ ਫਿਰਕੇ ਆਪਣਾ ਖੱਜਾ ਲੱਭ ਲੈਂਦੇ ਹਨ, ਇਨਾਂ ਸਭਨਾਂ ਨੂੰ ਅਸੀਂ ਜਲਚਰ ਕਹਾਂਗੇ॥

# ਚਿੜੀ॥

ਇਹ ਵਡੀ ਉੱਘੀ ਹੈ, ਇਸਨੂੰ ਸਭ ਜਾਣਦੇ ਹਣ, ਹਿੰਦੁਸ
ਤਾਨ ਵਿਖੇ ਕੋਈ ਮਨੁੱਖ ਨਾ ਹੋਇਗਾ, ਜਿਸ ਨੈ ਅਵਾਣਪੁ
ਵਿਖੇ ਚਿੜੇ ਚਿੜੀ ਦੀ ਕਥਾ ਨਾ ਸੁਣੀ ਹੋਏ। ਜਿਸ ਰੁੱਤ ਵਿ
ਦੇਖੋ, ਘਰਾਂ ਵਿਖੇ ਇਧਿਰ ਉਧਿਰ ਵਿਦਜਮਾਨ ਹੈ, ਖੇਤਾਂ ਵਿ
ਚੁਗਦੀ ਫਿਰਦੀ ਹੈ, ਬਾਗਾਂ ਵਿਖੇ ਉਡਦੀ ਦਿਸਦੀ ਹੈ, ਸੱਚ ਮੁ
ਮਨੁੱਖਾਂ ਨਾਲ ਇਸਦਾ ਅਤਿ ਸਨੇਹ ਹੈ, ਜਿੱਥੇ ਓਹ ਰੈਹ
ਹਨ, ਉੱਥੇ ਆਹਟੀ ਇਹ ਹੋਇਗੀ। ਇਹ ਹਰ ਥਾਂ ਜੌਂਕੀ ਰੈਹ
ਹੈ, ਭਾਵੇਂ ਨਗਰ ਦੇ ਬਾਜ਼ਾਰ ਹੋਣ, ਅਤੇ ਭੀੜ ਭਾੜ, ਭਾ
ਬਾਹਰਲੀ ਸੱਜਰੀ ਵਾਉ ਅਤੇ ਸੁੰਨਸਾਨ। ਇਸ ਦਿਆਂ ਪੰ
ਦਾ ਰੰਗ ਭੜਕਦਾਰ ਨਹੀਂ, ਸਿੱਧਾ ਪੱਧਰਾ ਹੈ, ਪਰ ਤਾਂ
ਸੁਹਣਾ ਲਗਦਾ ਹੈ, ਅਤੇ ਰੰਗਾਂ ਦਾ ਮੇਲ ਜੋਲ ਬੀ ਦਰਸਣ
ਹੈ। ਇਸਦੇ ਨੇੜ ਤਾਂ ਵੇਖੋ, ਕੇਹੇ ਉੱਜਲੇ ਅਤੇ ਚਮਕਦੇ ਹ
ਚੁੰਝ ਕੇਹੀ ਤਕੜੀ ਹੈ, ਨੁੱਕਰ ਡ੍ਹਿੱਖੀ, ਉੱਪਰੋਂ ਠੁਲੀ, ਇਹ
ਪੂਛਲ ਸਿਰੇ ਪੁਰੋਂ ਗੋਲ ਹੈ, ਬਾਹਲਿਆਂ ਪੰਖੀਆਂ ਦੀ ਤ
ਦੋਵੇਂ ਕੰਢੇ ਨੋਕਾਂ ਵਾਲੇ ਨਹੀਂ। ਚਿੜਾ ਛੋਟਾ ਜਿਹਾ ਜਨੌਰ
ਪਰ ਵਡਾ ਲੜਾਕਾ, ਇਹਨੂੰ ਆਪਣਿਆਂ ਵੈਰੀਆਂ ਨ

ੜਨ ਦੀ ਰੀਝ ਹੈ, ਅਤੇ ਬਲ ਬੀ, ਢੀਠ ਅਜੇਹਾ ਹੈ, ਕਿ
ਪ੍ਰਤ ਹੀ ਘੱਟ ਡਰਦਾ ਹੈ ॥

ਰਿੜੀ ਚਾਨਣੀਆਂ ਦੀਆਂ ਤਹਿਆਂ ਵਿਖੇ, ਘਰਾਂ ਦੀਆਂ
ੜੀਆਂ ਵਿਖੇ, ਅਤੇ ਕੰਧਾਂ ਦੀਆਂ ਤ੍ਰੇੜਾਂ ਅਤੇ ਛੇਕਾਂ ਵਿਖੇ
ਪਣਾ ਆਹਲਣਾ ਘਾ ਤਿਣਕਿਆਂ ਨਾਲ ਬਣਾਉਂਦੀ ਹੈ,
ਨ ਵਿਖੇ ਖੰਭਾਂ ਦੀ ਮੋਟੀ ਤਹ ਵਿਛਾਉਂਦੀ ਹੈ, ਭਾਵੇਂ ਸਖ਼ਤੀ
ਸਕਦੀ ਹੈ, ਸਰਦੀ ਦਾ ਦੁੱਖ ਝੱਲ ਸਕਦੀ ਹੈ, ਪਰ ਇਹ
ਜਾਣਦੀ ਹੈ, ਕਿ ਅਰਾਮ ਕੀ ਹੈ, ਦਿਨ ਭਰ ਦੀ ਮਿਹਨਤ
ਮਗਰੋਂ ਨਿੱਘੇ ਅਤੇ ਕੂਲੇ ਵਿਛਾਉਣੇ ਪੁਰ ਕੇਹਾ ਅਰਾਮ ਹੈ।
ਹ ਪੰਜ ਛੇ ਆਂਡੇ ਦਿੰਦੀ ਹੈ, ਉਨ੍ਹਾਂ ਪੁਰ ਭੂਰੇ ਯਾ ਲਾਖੇ ਰੰਗ
ਆਂ ਚਿੱਤੀਆਂ ਹੁੰਦੀਆਂ ਹਨ, ਕਿਸੇ ਪੁਰ ਵੱਧ ਅਤੇ ਕਿਸੇ
ਤ ਘੱਟ। ਇਹ ਬਾਹਲਾ ਸਾਲ ਵਿਖੇ ਦੋ ਯਾ ਤ੍ਰੈ ਝੋਲ ਕੱਢਦੀ
॥

ਇਸਦਾ ਅਸਲੀ ਖਾਜਾ ਅੰਨ ਅਤੇ ਨਿੱਕੇ ਨਿੱਕੇ ਕੀੜੇ
ਹ, ਵਿਚਾਰੋ, ਤਾਂ ਕੋਈ ਅਜੇਹੀ ਵਸਤੁ ਨਹੀਂ, ਜਿਸਨੂੰ ਇਹ
ਖਾਏ, ਰੋਟੀ ਦਾ ਟੁਕੜਾ ਉਕੜਾ, ਖਾਣੇ ਦਾ ਚੂਰਾ ਭੂਰਾ,
ਵਾਣੀਏ ਦੀ ਹੱਟ ਦੀ ਝਾੜਨ ਝੂੜਨ, ਕਰੂੰਜੜੇ ਦੇ ਟੋਕਰੇ
ਝਾੜਨ ਵਾੜਨ, ਇਹ ਸਾਰਾ ਇਸਦਾ ਮਨਭਾਉਂਦਾ ਖਾਣਾ

ਹੈ, ਕਦੇ ਦੇਖੋ, ਤਾਂ ਹੱਡੀ ਪੁਰ ਬੈਠੀ ਹੈ, ਮਾਸ ਲਾਹੁੰਦੀ ਜ
ਹੈ, ਸੁਆਦ ਲਾ ਲਾ ਖਾਂਦੀ ਹੈ। ਇਹ ਲਾਲਚੀ ਹੈ, ਕਣਕ
ਅੰਨ ਬੀ ਇਸਨੂੰ ਬਹੁਤ ਭਾਉਂਦਾ ਹੈ, ਇਸ ਲਈ ਜੱਟ
ਕੁਝ ਜਾਨ ਕਰਦੀ ਹੈ, ਪਰ ਸੱਚ ਪੁੱਛੋ, ਤਾਂ ਖੇਤਾਂ ਦੇ ਕ
ਮਾਰਕੇ ਵੱਡਾ ਗੁਣ ਕਰਦੀ ਹੈ, ਚਿੜੀ ਨਾ ਹੁੰਦੀ, ਤਾਂ ਐਨੇ ਕ
ਹੁੰਦੇ ਕਿ ਕਿਰਸਾਣ ਦੀ ਫ਼ਸਲ ਦਾ ਸੱਤਯਾਨਾਸ ਕਰ ਦਿ
ਬੱਚਿਆਂਵਾਲੀ ਚਿੜੀ ਅਤੇ ਉਸਦਾ ਚਿੜਾ ਇੱਕ ਸਾਤੇ ਵਿ
ਕਈ ਹਜ਼ਾਰ ਕੀੜੇ ਮਾਰ ਸਿੱਟਦੇ ਹਨ ॥

ਬਹੁਤੇਰੇ ਅਜੇਹੇ ਪੰਛੀ ਹਨ, ਜਿਨ੍ਹਾਂ ਦੇ ਪੰਜੇ ਚਿੜੀ ਵਾ
ਰੁੱਖ ਦੀਆਂ ਟਾਹਣੀਆਂ ਨੂੰ ਸੌਖੇ ਫੜ ਸਕਦੇ ਹਨ। ਇਨ੍ਹਾਂ ਦੀ
ਤ੍ਰੈ ਅੰਗੁਲੀਆਂ ਅੱਗੇ ਹੁੰਦੀਆਂ ਹਨ, ਇੱਕ ਪਿੱਛੇ। ਇਨ੍ਹਾਂ ਸ
ਨਾਂ ਨੂੰ ਅਸੀਂ ਬ੍ਰਿਛਾਸੀਨ ਅਰਥਾਤ ਰੁੱਖ ਪੁਰ ਬਹਣਵਾ
ਕਹਾਂਗੇ। ਇਨ੍ਹਾਂ ਵਿੱਚੋਂ ਬਹੁਤ ਅਜੇਹੇ ਹਨ, ਕਿ ਉਨ੍ਹਾਂ ਦੀ ਚੁੰ
ਚਿੜੀ ਵਾਕਰ ਗੋਲ ਠੁੱਲੀ, ਨੋਕਵਾਲੀ ਹੈ, ਇਨ੍ਹਾਂ ਨੂੰ ਅ
ਗੋਲ ਚੁੰਝੇ ਕਹਾਂਗੇ। ਮੈਨਾ, ਕਾਉਂ, ਅਗਨ, ਚੰਡੂਲ, ਬਈਆ
ਪਿਦੜੀ, ਸੁਰਖ, ਚਿੱਟੀ, ਸਾਰੇ ਇਸੇ ਪ੍ਰਕਾਰ ਦੇ ਜਨੌਰ ਹਨ

# ਛੁਟਕੀ॥

ਇਸ ਬਾਗ ਦੇ ਕੰਢੇ ਪੁਰ ਦੇਖਣਾ, ਅਮਰੂਦ ਦੇ ਬੂਟੇ ਵਿੱਚ ਸਦਾ ਆਹਲਨਾ ਹੈ, ਇਹ ਦੇਖਣ ਦੇ ਜੋਗ ਹੈ, ਨਿੱਕੇ ਜਿਹੇ ਨੌਰ ਨੇ ਇਸਨੂੰ ਕੇਹੀ ਚਤੁਰਾਈ ਅਤੇ ਸੁਘੜਪੁਣੇ ਨਾਲ ਣਾਇਆ ਹੈ, ਇਸਦੇ ਕੋਲ ਨਾ ਸੂਈ ਧਾਗਾ ਹੈ, ਨਾ ਅੰਗੁਸ਼ਨਾ, ਇਸ ਪੁਰ ਅਜੇਹੀ ਚਤੁਰਾਈ ਨਾਲ ਸਿਲਾਈ ਕਰਦਾ ਕਿ ਦਰਜ਼ੀ ਪੰਛੀ ਦੀ ਪਦਵੀ ਇਸੇ ਨੂੰ ਬਣਦੀ ਹੈ॥

ਦੇਖੋ, ਅਮਰੂਦ ਦੀਆਂ ਦੋ ਮੋਟੀਆਂ ਮੋਟੀਆਂ ਚੀਕੁਣੀਆਂ ਤੀਆਂ ਨੂੰ ਮੋੜਿਆ ਹੈ, ਅੰਦਰ ਬਾਹਰ ਕੇਹੀ ਸਫ਼ਾਈ ਨਾਲ ਤੀਆ ਕੀਤਾ ਹੈ, ਕੇਹੇ ਸੁੰਹਣੱਪਣ ਨਾਲ ਉਨ੍ਹਾਂ ਦਾ ਇੱਕ ਕੌਲ ਣਾਇਆ ਹੈ, ਦੇਖੋ ਤਾਂ ਸਹੀ, ਇਸ ਸੁਘੜ ਦਰਜ਼ੀ ਨੇ ਕੇਹੀ ਰੀ ਤਰਾਂ ਪੱਤਿਆਂ ਦੇ ਕੰਢੇ ਜੋੜੇ ਹਨ, ਕਿਸ ਸੁੰਹਣੱਪਣ ਨਾਲ ਾਗਿਆਂ ਦਿਆਂ ਸਿਰਿਆਂ ਨੂੰ ਗੰਢਾਂ ਦਿੱਤੀਆਂ ਹਨ, ਕਿ ਕੰਮ ਖ਼ੜ ਨਾ ਜਾਏ। ਇਸ ਕੌਲ ਵਿਖੇ ਉਹ ਛੋਟਾ ਜਿਹਾ ਰਾਜ ਰੇ ਬਣਾਉਂਦਾ ਹੈ, ਰੂੰ, ਫੰਬ, ਪਰ, ਅਰਥਾਤ ਜੋ ਕੂਲੀ ਵਸਤੂ ਦਾ ਹੈ, ਉਹ ਲੈ ਆਉਂਦਾ ਹੈ, ਥਾਂ ਥਾਂ ਸਿਰ ਸਜਾਉਂਦਾ ਹੈ। ਸ ਅਰਾਮ ਦੇ ਘਰ ਅਤੇ ਨਿੱਘੇ ਆਹਲਣੇ ਵਿੱਚ ਇਸਦੀ

41567

ਨਾਰ ਤ੍ਰੈ ਚਾਰ ਨਿੱਕੇ ਨਿੱਕੇ ਚਿੱਟੇ ਆਂਡੇ ਦਿੰਦੀ ਹੈ, ਉਨ੍ਹਾਂ ਉ
ਲਾਲ ਲਾਲ ਚਿੱਤੀਆਂ ਕੋਲੋ ਕੋਲੀ ਹੁੰਦੀਆਂ ਹਨ, ਥੋੜ੍ਹ
ਦਿਨਾਂ ਮਗਰੋਂ ਉਨ੍ਹਾਂ ਨੂੰ ਸੇਉਂਦੀ ਹੈ, ਫੇਰ ਨਿੱਕੇ ਨਿੱਕੇ
ਨਿੱਕਲਦੇ ਹਨ, ਜੇਹੀ ਮਾਸ ਦੀ ਬੋਟੀ, ਪੰਘੂੜਾ ਜਿਹਾ ਆਹਲ
ਹੌਲੀ ਹੌਲੀ ਵਾਉ ਦੀਆਂ ਝੋਕਾਂ ਨਾਲ ਹਿਲਦਾ ਰਹਿੰਦਾ ਹੈ,
ਉੱਥੇ ਹੀ ਪਲਦੇ ਹਨ, ਉੱਥੇ ਹੀ ਪਰ ਕੱਢਦੇ ਹਨ, ਉੱਥੋਂ
ਉਡ ਜਾਂਦੇ ਹਨ॥

ਇਹ ਨਿੱਕਾ ਜਿਹਾ ਜਨੌਰ ਜਾਂ ਆਪਣਾ ਕੰਮ ਕਰਦਾ
ਤਾਂ ਅਚਰਜ ਆਉਂਦਾ ਹੈ, ਕਿ ਪਤਲੀ ਜੇਹੀ ਚੁੰਝ ਤੋਂ ਸੂ
ਦਾ ਕੰਮ ਲੈਂਦਾ ਹੈ। ਬਹੁਤ ਸਾਰੇ ਧਾਗੇ ਤਾਂ ਘਾ ਦੇ ਹੁੰਦੇ ਹ
ਹੱਥ ਆਉਂਦਾ ਹੈ, ਤਾਂ ਸੂਤ ਦਾ ਧਾਗਾ ਬੀ ਉਡਾ ਲਿਆਉ
ਹੈ। ਕਦੇ ਅਜੇਹਾ ਬੀ ਹੁੰਦਾ ਹੈ, ਕਿ ਇੱਕੋ ਵੱਡਾ ਸਾਰਾ ਪ
ਇਹ ਆਪਣੇ ਆਹਲਣੇ ਲਈ ਪਸੰਦ ਕਰਦਾ ਹੈ, ਉ
ਮੋੜਕੇ ਇੱਕ ਕੌਲ ਦੀ ਤਰਾਂ ਬਣਾ ਲੈਂਦਾ ਹੈ, ਪਰ ਬਾਹਲ
ਹੀ ਪੱਤਿਆਂ ਦਾ ਹੁੰਦਾ ਹੈ, ਜੋ ਕਿਸੇ ਟਹਣੀ ਦੇ ਸਿਰੇ ਪੁਰ
ਹਨ, ਬਾਂਦਰ, ਸੱਪ, ਅਤੇ ਹੋਰ ਬਹੁਤੇਰੇ ਜਨੌਰ ਇਸ ਦਿ
ਬੱਚਿਆਂ ਦੇ ਵੈਰੀ ਹਨ, ਅਜੇਹਾ ਨਾ ਕਰਦਾ, ਤਾਂ ਓਹ ਬੱਚਿ
ਨੂੰ ਨਾ ਛੱਡਦੇ॥

ਨਰ ਸਾਢਿਆਂ ਛਿਆਂ ਇੰਚਾਂ ਤਕ ਲੰਮਾ ਹੁੰਦਾ ਹੈ, ਮਦੀਨ ਪੰਜ ਇੰਚ, ਫੁਟਕੀ ਦੇ ਉੱਪਰਲਾ ਧੜ ਸਾਵਾ ਜਿਹਾ ਹੁੰਦਾ ਹੈ, ਹੇਠਲਾ ਚਿੱਟਾ। ਇਸ ਦੀ ਤ੍ਰਿੱਖੀ ਚੁੰਝ ਅਜੇਹੀ ਬਣੀ ਹੋਈ ਹੈ, ਕਿ ਨਿੱਕਿਆਂ ਨਿੱਕਿਆਂ ਜਨੌਰਾਂ ਨੂੰ, ਨਿੱਕਿਆਂ ਨਿੱਕਿਆਂ ਕੀੜਿਆਂ ਨੂੰ ਉਸ ਨਾਲ ਚਾ ਸਕਦੀ ਹੈ। ਚੁੰਝ ਦੇ ਉੱਪਰਲੇ ਪਾਸੇ ਬਰੀਕ ਦੰਦਾ ਹੁੰਦਾ ਹੈ। ਕੀੜੀਆਂ, ਭਾਂਤ ਭਾਂਤ ਦੇ ਕੀੜੇ ਜੋ ਰੁੱਖਾਂ ਦਿਆਂ ਪੱਤਿਆਂ ਅਤੇ ਸੱਕ ਪੁਰ ਹੁੰਦੇ ਹਨ, ਉਨ੍ਹਾਂ ਨੂੰ ਖਾਂਦੀ ਹੈ। ਇਹ ਜਨੌਰ ਹਿੰਦੁਸਤਾਨ ਵਿਖੇ ਬਹੁਤ ਮਿਲਦਾ ਹੈ, ਲੋਕ ਇਸਨੂੰ ਘੱਟ ਜਾਣਦੇ ਹਨ, ਕਾਰਣ ਇਹ ਹੈ, ਕਿ ਸਿੱਧਾ ਪੱਧਰਾ ਰੰਗ ਹੈ, ਨਿਗਾਹ ਘੱਟ ਪੈਂਦੀ ਹੈ, ਇਸਦਾ ਆਹਲਣਾ ਪੱਤਿਆਂ ਦਾ ਹੁੰਦਾ ਹੈ, ਉਹ ਬੀ ਘੱਟ ਵਿਖਾਲੀ ਦਿੰਦਾ ਹੈ। ਬਾਹਲਾ ਜੋੜੇ ਦਾ ਜੋੜਾ ਰੁੱਖਾਂ ਦੀਆਂ ਟਾਹਣੀਆਂ ਪੁਰ ਭੁਟਦਾ ਦਿੱਸਦਾ ਹੈ, ਆਪਣੀ ਮਿੱਠੀ ਮਿੱਠੀ ਰਸਭਰੀ ਸੁਰ ਸੁਣਾਉਂਦਾ ਰੈਹਦਾ ਹੈ। ਇਸ ਹਾਲ ਵਿਖੇ ਹੁੰਦਾ ਹੈ, ਤਾਂ ਪੂਛਲ ਨੂੰ ਹਿਲਾਉਂਦਾ ਹੈ, ਪੂਛਲ ਦਾ ਹਿੱਲਣਾ, ਦੇਹ ਦੀ ਚੰਚਲਾਈ ਅਤੇ ਚਮਕਣ ਵਾਲੀਆਂ ਅੱਖਾਂ ਨਾਲ ਚੰਚਲ ਅਤੇ ਬਾਂਕਾ ਦਿੱਸਦਾ ਹੈ॥

ਬ੍ਰਿਛ ਵਾਸੀਆਂ ਪੰਖੀਆਂ ਵਿੱਚੋਂ ਅਜੇਹੇ ਬਹੁਤ ਹਨ, ਕਿ ਜਿਨ੍ਹਾਂ ਦੀਆਂ ਚੁੰਝਾਂ ਫੁਟਕੀ ਦੀ ਤਰਾਂ ਦੰਦੇਦਾਰ ਹੁੰਦੀਆਂ ਹਨ,

ਇਨ੍ਹਾਂ ਸਭਨਾਂ ਨੂੰ ਅਸੀਂ ਦੰਦਾਨਾ ਚੁੰਝੇ ਕਹਾਂਗੇ, ਹਿੰਦੁਸਤਾਨੀ ਬੁਲਬੁਲ, ਅਰਬਾਤ ਗੁਲਦੁਮ, ਕਸਤੂਰਾ, ਪੂਦਨਾ, ਮਮੋਲਾ, ਸਾਮਾ, ਪਿੱਦਾ, ਝਾਂਪੁਲ, ਯਾ ਕਾਲਕਿਲਿੱਚੀ ਸਾਰੇ ਇਸੇ ਪ੍ਰਕਾਰ ਦੇ ਜਨੌਰ ਹਨ॥

# ਸਲਾਰਾ ਯਾ ਅਬਾਬੀਲ॥

ਸਿਆਲ ਆ ਪਹੁੰਚਿਆ, ਦੇਖੋ ਸਾਮਣੇ ਅਬਾਬੀਲ ਉਡਦੇ ਫਿਰਦੇ ਹਨ, ਕੇਹਾ ਤਾਣਾ ਬਾਣਾ ਜਿਹਾ ਤਣਦੇ ਹਨ! ਇਨ੍ਹਾਂ ਨੂੰ ਵੇਖਕੇ ਚਾਮਚਿੱਟੀ ਦੀ ਉਡਾਰੀ ਚੇਤੇ ਆਉਂਦੀ ਹੈ। ਇਹ ਮੱਖੀਆਂ ਮੱਛਰ ਅਤੇ ਪਤੰਗਿਆਂ ਦਾ ਸ਼ਿਕਾਰ ਕਰਦੇ ਹਨ। ਇਨ੍ਹਾਂ ਦਾ ਵੱਡਾ ਜਿਹਾ ਮੂੰਹ ਇਸ ਕੰਮ ਲਈ ਬਹੁਤ ਚੰਗਾ ਹੈ।

ਅਜੇਹੇ ਪਤੰਗੇ ਬਹੁਤ ਘੱਟ ਹਨ, ਕਿ ਅਬਾਬੀਲ ਜੇਹੇ ਜਨੌਰ ਤੇ੍ਰ ਬਚ ਨਿੱਕਲਣ, ਜਿਸਦੀ ਉਡਾਰੀ ਵਿੱਚ ਪ੍ਰਲਯ ਦੀ ਝਪਟ ਹੈ। ਦੇਖੋ ਤਾਂ ਸਹੀ, ਕੇਹਾ ਛੋਟਾ ਜੇਹਾ ਸਰੀਰ ਹੈ, ਅਤੇ ਉਸ ਪੁਰ ਕੇਹੇ ਵੱਡੇ ਵੱਡੇ ਖੰਭ ਹਨ, ਤਾਹੀਓਂ ਅਜੇਹੀ ਤ੍ਰਿੱਖੀ ਉਡਦੀ ਹੈ। ਇਸਦੀ ਲੰਮੀ ਅਤੇ ਦੋਟਹਣੀ ਪੂਛ ਦੀ ਵੱਲ ਬੀ ਵੇਂਹਦੇ ਹੋ, ਇਸੇ ਦੇ ਬਲ ਉਡਣ ਵਿਖੇ ਹੇਰ ਫੇਰ ਖਾਂਦਾ ਹੈ। ਇਹ ਸੁਹਣਾ ਬੀ ਹੈ, ਇਸਦੀ ਸੁਰਮਈ ਪਿੱਠ ਚਮਕਦੀ ਕੇ

ਸੁੰਦਰ ਪਰਤੀਤ ਹੁੰਦੀ ਹੈ, ਗਲ ਦੀ ਲੱਾਲੀ, ਹੇਠਲੇ ਧੜ ਦੀ ਕਾਲਖ, ਚਿਟਿਆਈ ਅਤੇ ਲੱਾਲੀ ਲੋ ਵਿਖੇ ਕੇਹੀ ਚਮਕ ਦਮਕ ਵਿਖਾਉਂਦੀ ਹੈ। ਪੈਰ ਨਿੱਕੇ ਨਿੱਕੇ ਜੇਹੇ ਹਨ, ਬਹੁਤ ਘੱਟ ਕੰਮ ਆਉਂਦੇ ਹਨ, ਕਿਉਂਕਿ ਉਡਦੀ ਰੈਂਹਦੀ ਹੈ। ਇਸ ਦੇ ਸਰੀਰ ਵੱਲ ਧਜਾਨ ਕਰੋ, ਤਾਂ ਸਿਰ ਬੀ ਨਿੱਕਾ ਹੈ, ਹਾਂ ਤਦੇ ਹਿੰਦੁਸਤਾਨ ਵਿਖੇ ਬਾਜੇ ਥਾਂ ਇਸਨੂੰ ਬੇਸਿਰਾ ਜਨੌਰ ਕੈਂਹਦੇ ਹਨ॥

ਹਿੰਦੁਸਤਾਨ ਵਿਖੇ ਇਹ ਸਾਰਾ ਬਰਸ ਨਹੀਂ ਰੈਂਹਦਾ, ਨਾ ਬਹੁਤ ਗਰਮੀ ਇਸਨੂੰ ਸੁਖਾਉਂਦੀ ਹੈ, ਨਾ ਬਹੁਤ ਸਰਦੀ, ਇੱਥੇ ਸੋਹੇ ਦਾ ਤਾਉ ਹੁੰਦਾ ਹੈ, ਤਾਂ ਠੰਡਿਆਂ ਦੇਸਾਂ ਨੂੰ ਚਲਿਆ ਜਾਂਦਾ ਹੈ, ਉੱਥੇ ਠੰਡ ਪੈਂਦੀ ਹੈ, ਤਾਂ ਮੁੜ ਇੱਥੇ ਹੀ ਚਲਿਆ ਆਉਂਦਾ ਹੈ। ਪਰ ਇੱਕ ਪ੍ਰਕਾਰ ਦਾ ਸਲਾਰਾ ਤਾਂ ਥੋੜਿਆਂ ਹੀ ਦਿਨਾਂ ਲਈ ਜਾਂਦਾ ਹੈ, ਸਾਰਾ ਸਾਲ ਇੱਥੇ ਹੀ ਰੈਂਹਦਾ ਹੈ। ਤ੍ਰੇਹਾਲ ਨਿੱਕਲੇ, ਬਰਸਾਤ ਆਉਂਦੇ ਟੋਲੀਆਂ ਦੀਆਂ ਟੋਲੀਆਂ ਇਕੱਠੇ ਹੋਕੇ ਅਕਾਸ ਵਿਖੇ ਉਡਦੇ ਹਨ, ਰੌਲਾ ਮਚਾਉਂਦੇ ਹਨ, ਹਿੰਦੁਸਤਾਨ ਦੀਆਂ ਤ੍ਰੀਮਤਾਂ ਕੈਂਹਦੀਆਂ ਹਨ, ਕਿ ਵੇਖੋ, ਮੀਂਹ ਵਸੇਗਾ, ਅਬਾਬੀਲ ਝੁਰਮਟ ਪਾਉਂਦੇ ਹਨ। ਮਸੀਤਾਂ, ਮੰਦਿਰਾਂ ਅਤੇ ਪੁਰਾਣਿਆਂ ਘਰਾਂ ਦਿਆਂ ਛੱਜਿਆਂ ਵਿਖੇ ਘਰ ਬਣਾਉਂਦੇ

ਹਨ। ਇਹ ਵੱਖਰੀ ਪ੍ਰਕਾਰ ਦਾ ਹੁੰਦਾ ਹੈ, ਚੀਕਣੀ ਮਿੱਟੀ ਦਾ ਗਾਰਾ ਲੈਂਦੇ ਹਨ, ਕੰਧ ਨਾਲ ਚਪੇਕਦੇ ਜਾਂਦੇ ਹਨ, ਉਸਦ ਇੱਕ ਕੌਲ ਜਿਹਾ ਬਣਾਉਂਦੇ ਹਨ, ਉਸਨੂੰ ਕੂਲਿਆਂ ਕੂਲਿਅ ਖੰਭਾਂ ਨਾਲ ਸਿੰਗਾਰਦੇ ਹਨ। ਅਸੀਂ ਕਿਸੇ ਕੰਧ ਵਿਖੇ ਦੀਵ ਰੱਖਣ ਦੀ ਥਾਂ ਬਣੀ ਹੋਈ ਦੇਖਦੇ ਹਾਂ, ਤਾਂ ਇਸਦਾ ਘਰ ਚੇ ਆ ਜਾਂਦਾ ਹੈ। ਸਿਲਾਰੀ ਬਾਹਲੇ ਪੰਜ ਆਂਡੇ ਦਿੰਦੀ ਹੈ ਆਂਡਿਆਂ ਦਾ ਰੰਗ ਚਿੱਟਾ ਹੁੰਦਾ ਹੈ, ਕਿਤੇ ਕਿਤੇ ਲਾਲ ਲਾਟ ਚਿੱਤੀਦਾਰ ਬੀ ਹੁੰਦਾ ਹੈ॥

ਚੀਨ ਵਿਖੇ ਇੱਕ ਪ੍ਰਕਾਰ ਦਾ ਅਬਾਬੀਲ ਹੁੰਦਾ ਹੈ, ਉ ਅਚਰਜ ਪ੍ਰਕਾਰ ਦਾ ਆਹਲਣਾ ਬਣਾਉਂਦਾ ਹੈ, ਉਸਦਾ ਰੰ ਬੱਗਾ ਹੁੰਦਾ ਹੈ, ਉਹ ਸਰੇਸ਼ ਜੇਹੀ ਲੇਸਦਾਰ ਇੱਕ ਵਸਤੂ ਬਣਦਾ ਹੈ, ਅਬਾਬੀਲ ਸਮੁੰਦਰ ਦੀਆਂ ਲਹਿਰਾਂ ਦੇ ਉੱ ਉਡਦੇ ਉਡਦੇ ਭਾਂਤ ਭਾਂਤ ਦੀ ਬੂਟੀ ਨੂੰ ਨਿਗਲ ਜਾਂਦੇ ਹ ਉਸ ਨਾਲ ਉਨ੍ਹਾਂ ਦੇ ਅੰਦਰਲੀ ਤਰੀ ਮਿਲਕੇ ਇੱਕ ਪ੍ਰਕ ਦਾ ਲੇਸ ਉਤਪੰਨ ਹੋ ਜਾਂਦਾ ਹੈ, ਉਸਨੂੰ ਉਗਲ ਦਿੰਦੇ ਹ ਫੇਰ ਉਸ ਨਾਲ ਆਪਣਾ ਆਹਲਣਾ ਬਣਾਉਂਦੇ ਹਨ। ਆਹਲਣੇ ਸਮੁੰਦਰ ਦਿਆਂ ਉੱਚਿਆਂ ਉੱਚਿਆਂ ਕੰਢਿਆਂ ਦੀ ਟੀਸੀਆਂ ਪੁਰ ਮਿਲਦੇ ਹਨ, ਅਤੇ ਅਜੇਹਿਆਂ ਭਯਾਣਕ ਸ

ਨਾਂ ਵਿਖੇ ਹੁੰਦੇ ਹਨ, ਕਿ ਔਖੇ ਹੱਥ ਲਗਦੇ ਹਨ, ਚੀਨੀ ਲੋਕ ਇਨ੍ਹਾਂ ਨੂੰ ਇੱਕ ਦੁਰਲੱਭ ਪਦਾਰਥ ਸਮਝਦੇ ਹਨ, ਇਨ੍ਹਾਂ ਦੀ ਤਰੀ ਪਕਾਉਂਦੇ ਹਨ, ਅਤੇ ਵਡੇ ਸੁਆਦ ਨਾਲ ਖਾਂਦੇ ਹਨ॥

ਅਬਾਬੀਲ ਦਾ ਮੂੰਹ ਚੌੜਾ ਹੈ, ਚੁੰਝ ਬਹੁਤ ਖੁਲ ਸਕਦੀ ਹੈ, ਬਿਰਛਵਾਸੀਆਂ ਪੰਛੀਆਂ ਵਿੱਚੋਂ ਬਹੁਤ ਅਜੇਹੇ ਹਨ, ਕਿ ਉਨ੍ਹਾਂ ਦੀ ਚੁੰਝ ਇਸੇ ਪ੍ਰਕਾਰ ਦੀ ਹੈ, ਇਨ੍ਹਾਂ ਨੂੰ ਅਸੀਂ ਮੂੰਹ ਖੁਲ੍ਹੇ ਜਨੌਰ ਕਹਾਂਗੇ, ਜਿਹਾ ਕਿ ਹਰੀਅਲ, ਗੜ੍ਹਪੌਂਖ, ਬਗੁਲਾ, ਯਾ ਪਨਡੁੱਬੀ, ਜੋ ਬਾਹਲੀ ਪਾਣੀ ਦੇ ਉੱਪਰ ਵਾਉ ਵਿਖੇ ਉਡਦੀ ਰਹਿੰਦੀ ਹੈ, ਡੁੱਬੀ ਮਾਰਕੇ ਨਿੱਕੀਆਂ ਨਿੱਕੀਆਂ ਮੱਛੀਆਂ ਪਕੜਕੇ ਲੈ ਜਾਂਦੀ ਹੈ॥

# ਰੱਕੀਰਾਹ॥

ਇਹਨੂੰ ਵੇਖਣਾ, ਕਦੇ ਬਿਰਛ ਦੇ ਇਸ ਟਹਣੇ ਪੁਰ ਆਉਂਦਾ ਹੈ, ਕਦੇ ਉਸ ਟਹਣੇ ਪੁਰ ਜਾਂਦਾ ਹੈ, ਕੇਹਾ ਸੁੰਦਰ ਹੈ! ਭੜਕਦਾਰ ਕਲਗੀ ਧੁੱਪ ਨਾਲ ਚਮਕਦੀ ਹੈ, ਕਲਗੀ ਦੇ ਹਰ ਖੰਭ ਦੀ ਨੋਕ ਕੇਹੀ ਸੁਹਣੀ ਕਾਲੀ ਹੈ! ਦੇਖੋ, ਪਿੱਠ ਪੁਰ ਜੋ ਇਨ੍ਹਾਂ ਦੇ ਸਾਮਣੇ ਤਿੰਨ ਕਾਲੇ ਰੰਗੜੇ ਹਨ, ਚੌੜੇ ਚੌੜੇ ਪੰਖ ਭੀ ਸੁੰਦਰ ਹਨ, ਉਨ੍ਹਾਂ ਪੁਰ ਬਰਾਬਰ ਕਾਲੀਆਂ ਚਿੱਟੀਆਂ ਧਾ-

ਰੀਆਂ ਹਨ, ਏਹ ਵਧੇਰੇ ਮੌਜ ਦਿੰਦੀਆਂ ਹਨ। ਦੇਖਣ ਦੇ ਜੋ
ਤਾਂ ਚੁੰਝ ਹੈ, ਲੰਮੀ, ਪਤਲੀ, ਵਿੰਗੀ। ਇਸ ਨਾਲ ਉਸਦੇ ਵੱ
ਵੱਡੇ ਕੰਮ ਨਿੱਕਲਦੇ ਹਨ, ਧਰਤੀ ਵਿਖੇ ਅਤੇ ਗਲਿਆਂ ਸੜ
ਆਂ ਰੁੱਖਾਂ ਵਿਖੇ ਜੋ ਕੀੜੇ ਹੁੰਦੇ ਹਨ, ਇੱਸੇ ਚੁੰਝ ਨਾਲ ਉਨ੍ਹਾਂ
ਅੰਦਰੋਂ ਕੱਢ ਲੈਂਦਾ ਹੈ। ਇਹ ਆਪਣਾ ਕੰਮ ਸੋਚ ਵਿਚਾਰ
ਹੌਲੀ ਹੌਲੀ ਕਰਦਾ ਹੈ, ਜਤਨ ਦਾ ਫਲ ਬਾਹਲਾ ਇਹ
ਹੁੰਦਾ ਹੈ, ਕਿ ਖਾਣ ਨੂੰ ਕਈ ਮੋਟੇ ਮੋਟੇ ਕੀੜੇ ਮਿਲ ਜਾਂ
ਹਨ। ਖਾਣ ਲਗਦਾ ਹੈ, ਤਾਂ ਕੀੜਿਆਂ ਨੂੰ ਚੁੰਝ ਨਾਲ ਭੋਨ ਤੋਂ
ਨੁਗਦਾ ਜੇਹਾ ਕਰ ਲੈਂਦਾ ਹੈ। ਇਹ ਇੱਕ ਅਚਰਜ ਦੀ ਗੱ
ਹੈ, ਕਿ ਇਸ ਦਿਆਂ ਬੱਚਿਆਂ ਦੀ ਚੁੰਝ ਵਿੰਗੀ ਨਹੀਂ ਹੁੰਦ
ਅਤੇ ਨਾ ਉਨ੍ਹਾਂ ਨੂੰ ਇਸ ਦੀ ਲੋੜ ਹੈ, ਮਾਂ ਪਿਉ ਚੋਗਾ ਲਿਆ
ਉਂਦੇ ਹਨ, ਉਨ੍ਹਾਂ ਨੂੰ ਖੁਆ ਜਾਂਦੇ ਹਨ। ਜਿਉਂ ਜਿਉਂ ਵੱਡੇ ਹੁੰ
ਹਨ, ਆਪ ਖਾਣ ਲਗਦੇ ਹਨ, ਉੱਨੀ ਹੀ ਚੁੰਝ ਬੀ ਮੁੜਦ
ਜਾਂਦੀ ਹੈ॥

ਇਹ ਪੋਲਿਆਂ ਰੁੱਖਾਂ ਅਤੇ ਕੰਧਾਂ ਦਿਆਂ ਛੇਕਾਂ ਵਿਖੇ ਆਹ
ਲਣਾ ਬਣਾਉਂਦਾ ਹੈ, ਘਾ ਪੱਤਿਆਂ ਦੀਆਂ ਡੰਡੀਆਂ ਅਤੇ ਖੰ
ਨਾਲ ਆਪਣੇ ਘਰ ਨੂੰ ਸਜਾਉਂਦਾ ਹੈ। ਚਹੁੰ ਤੇ ਲੈ ਸੱਤਾਂ ਤ
ਆਂਡੇ ਦਿੰਦਾ ਹੈ, ਇਨ੍ਹਾਂ ਦਾ ਰੰਗ ਨੀਲੀ ਭਾਹ ਲਈ ਚਿੱਟਾ ਹੁੰ

ਹੈ । ਚੰਡੋਲ, ਅਗਨ ਅਤੇ ਕਸਤੂਰੇ ਵਾਕਰ ਰਾਗ ਨਹੀਂ ਗਾਉਂ-ਦਾ, ਸੁੰਦਰ ਕੰਠ ਨਾਲ ਬਰਾਬਰ ਹੂਪ ਹੂਪ ਕੀਤੀ ਜਾਂਦਾ ਹੈ ॥

ਇਸਦੇ ਸਿਰ ਉੱਤੇ ਜੋ ਕਲਗੀ ਹੈ, ਸਭਨਾਂ ਦੀ ਅੱਖ ਸਦਾ ਪਹਲੋਂ ਉਸੇ ਪੁਰ ਪੈਂਦੀ ਹੈ, ਲੋਕਾਂ ਨੇ ਇਸ ਦੀਆਂ ਬਹੁਤ ਸਾਰੀਆਂ ਅਚਰਜ ਅਚਰਜ ਕਹਾਣੀਆਂ ਬਣਾ ਰੱਖੀਆਂ ਹਨ। ਮਿਸਰ ਦੇ ਲੋਕ ਇਸਨੂੰ ਮਹਾਤਮਾ ਸੁਲੇਮਾਨ ਦਾ ਪੁੱਤ੍ਰ ਕੈਂਹਦੇ ਹਨ, ਉਨ੍ਹਾਂ ਦੀ ਹੀ ਕਹਵਤ ਹੈ, ਕਿ ਪਹਲੀਆਂ ਵਿੱਚ ਇਸਦੀ ਕਲਗੀ ਸੱਚ ਮੁੱਚ ਸੋਨੇ ਦੀ ਹੁੰਦੀ ਸੀ, ਲੋਭ ਨਾਲ ਲੋਕ ਇਸ-ਨੂੰ ਮਾਰ ਸੁੱਟਦੇ ਹੁੰਦੇ ਸੇ। ਇਸ ਨੈ ਮਹਾਤਮਾ ਸੁਲੇਮਾਨ ਅੱਗੇ ਪੁਕਾਰ ਕੀਤੀ ਅਤੇ ਰੋਣਾ ਰੋਇਆ, ਉਹ ਸਮਝੇ ਕਿ ਸੋਨੇ ਦੀ ਕਲਗੀ ਇਸ ਦੀ ਜਾਨ ਦਾ ਜੰਜਾਲ ਹੈ, ਜਦ ਤਕ ਇਹ ਸਿਰ ਪੁਰ ਹੈ, ਲਾਲਚੀ ਲੋਕ ਇਹਨੂੰ ਮਾਰਦੇ ਹੀ ਰਹਣਗੇ, ਆਗਜ਼ਾ ਦਿੱਤੀ ਕਿ ਖੰਭਾਂ ਦੀ ਕਲਗੀ ਹੋ ਜਾਏ, ਤਦ ਤੇ ਸੋਨਾ ਉਡ ਗਇਆ ਖੰਭ ਹੋ ਗਏ ॥

ਇਸ ਕਲਗੀ ਦੀਆਂ ਪਹਲੀਆਂ ਕਹਵਤਾਂ ਜਿਹੀਆਂ ਲੋਕਾਂ ਨੈ ਹੋਰ ਬਹੁਤ ਕਹਵਤਾਂ ਬਣਾਈਆਂ ਹੋਈਆਂ ਹਨ। ਸੱਚ ਪੁੱਛੋ, ਤਾਂ ਸੋਰਣ ਦੇ ਯੋਗਜ ਇਸਦੀ ਚੁੰਝ ਹੈ, ਜਿਸਦਾ ਵਰਣਨ ਪਹਲੋਂ ਹੋ ਚੁੱਕਿਆ ਹੈ। ਜਿੰਨਿਆਂ ਪਰਿੰਦਿਆਂ ਦੀਆਂ ਚੁੰਝਾਂ

ਅਜੇਹੀਆਂ ਹਨ, ਉਨ੍ਹਾਂ ਨੂੰ ਅਸੀਂ ਪਤਲੀ ਚੁੰਝਵਾਲੇ ਕਹਾਂਗੇ। ਏਹ ਕਈ ਪ੍ਰਕਾਰਾਂ ਦੇ ਹਨ, ਅਤੇ ਸਾਰੇ ਬ੍ਰਿਛਵਾਸੀ ਹਨ॥

## ਤੋਤਾ॥

ਪਿੱਪਲ ਦੇ ਰੁੱਖ ਪੁਰ ਏਹ ਕੇਹਾ ਰੌਲਾ ਪਾ ਰਹੇ ਹਨ, ਡਾਲ ਪੱਤ ਪੱਤ ਫਿਰਦੇ ਹਨ, ਜਦ ਕਿਸੇ ਝੂਮਦੀ ਹੋਈ ਟਾਹਣੀ ਪੁਰ ਜਾਂਦੇ ਹਨ, ਪਹਲੋਂ ਥੋੜਾ ਵਾਉ ਵਿਖੇ ਫੜਫੜਾਉਂਦੇ ਹਨ, ਇਨ੍ਹਾਂ ਦੇ ਹਿੱਲਦੇ ਹੋਏ ਪਰ, ਖਿਲਰੀ ਹੋਈ ਪੂਛ, ਕੇਹੀ ਸੋਭਾ ਦਿਖਾਉਂਦੀ ਹੈ! ਏਹ ਗੋਹਲਾਂ ਖਾ ਰਹੇ ਹਨ। ਇਸ ਵੇਲੇ ਕੋਈ ਰਸੀ ਹੋਈ ਗੋਹਲ ਢੂੰਡਦੇ ਹਨ, ਜਾਂ ਛੋਟੇ ਛੋਟੇ ਫਲ ਕੁਤਰ ਕੁਤਰਕੇ ਸਿੱਟਦੇ ਹਨ, ਤਾਂ ਦੇਖਣਾ, ਕੇਹੀ ਪਟ ਪਟ ਕਰਕੇ ਧਰਤੀ ਪੁਰ ਬਰਖਾ ਹੋ ਰਹੀ ਹੈ! ਹਰਿਆਂ ਹਰਿਆਂ ਪੱਤ੍ਰਿਆਂ ਵਿਖੇ ਇਨ੍ਹਾਂ ਦੇ ਸਾਵੇ ਸਰੀਰ ਔਖੇ ਵਿਖਾਲੀ ਦਿੰਦੇ ਹਨ, ਰਤੀ ਤਾਉੜੀ ਬਜਾਓ, ਹੁਣੇ ਟਈਂ ਟਈਂ ਕਰਦੀ ਹੋਈ ਡਾਰ ਦੀ ਡਾਰ ਹੀ ਉੱਡੇਗੀ। ਦੇਖਣਾ ਦੇਖਣਾ! ਓਹ ਉੱਡੇ, ਉੱਡਣ ਦੇ ਵੇਲੇ ਇਨ੍ਹਾਂ ਦੀਆਂ ਲੰਮੀਆਂ ਲੰਮੀਆਂ ਪੂਛਾਂ ਕੇਹੀ ਲਹਰ ਵਿਖਾਲ ਰਹੀਆਂ ਹਨ॥

ਏਹ ਕਿਰਸਾਣਾਂ ਦਾ ਬਹੁਤ ਜਾਨ ਕਰਦੇ ਹਨ, ਜੁਆਰ ਤੇ ਬਾਜਰੇ ਦੀ ਪੈਲੀ ਪੁਰ ਲੈਹਿ ਪੈਂਦੇ ਹਨ, ਸਿੱਟੇ ਦੀ ਡੰਡੀ ਜਿਆਂ ਨਾਲ ਪਕੜਕੇ ਬੈਠ ਜਾਂਦੇ ਹਨ, ਵਿੰਗੀ ਚੁੰਝ ਨਾਲ ਤਰ ਕੁਤਰਕੇ ਖਰਾਬ ਕਰਦੇ ਹਨ, ਦੋ ਚਾਰ ਦਾਣੇ ਇਸ ਮਿੰਜਰ ਵਿੱਚੋਂ ਖਾਧੇ, ਦੋ ਚਾਰ ਉਸ ਮਿੰਜਰ ਤੇ, ਕੋਈ ਨਾ ਡਾਏ ਤਾਂ ਸਾਰੇ ਖੇਤ ਨੂੰ ਕੁਤਰਕੇ ਵਿਛਾ ਦੇਣ। ਇਨ੍ਹਾਂ ਨੂੰ ਰਬੂਜੇ, ਖੀਰੇ, ਤਰਾਂ, ਗੰਨੇ ਬਹੁਤ ਭਾਉਂਦੇ ਹਨ, ਕਿਰਸਾਣ ਚਾਰਾ ਇੱਕ ਛੋਹਰ ਕਾਮਾਂ ਰਖਦਾ ਹੈ, ਉਸਦੇ ਹੱਥ ਵਿਖੇ ਪੀਆ ਹੁੰਦਾ ਹੈ, ਉਹ ਖੇਤ ਦੀ ਰਾਖੀ ਕਰਦਾ ਹੈ। ਏਹ ਬਾਹਲਾ ਰਾਣਿਆਂ ਬਿਰਛਾਂ ਅਤੇ ਮਹਲਾਂ ਵਿਖੇ ਕੋਈ ਖੁੱਡਾ ਢੂੰਡ ਲੈਂਦੇ ਨ, ਉਸ ਵਿਖੇ ਆਹਲਣਾ ਬਣਾਉਂਦੇ ਹਨ, ਬਾਹਲੇ ਚਾਰ ਜੋ ਆਂਡੇ ਦਿੰਦੇ ਹਨ॥

ਇਹ ਵਡਾ ਪਿਆਰਾ ਜਨੌਰ ਹੈ, ਇਸਦਾ ਸੁਭਾਉ ਅਤੇ ਕੰਮ ਹੇ ਹਨ, ਕਿ ਦੇਖ ਦੇਖਕੇ ਚਿੱਤ ਪ੍ਰਸੰਨ ਹੁੰਦਾ ਹੈ, ਕਈ ਤੋਤੇ ਸਬਦ ਸਿੱਖ ਲੈਂਦੇ ਹਨ, ਉਨ੍ਹਾਂ ਨੂੰ ਚੰਗੀ ਤਰਾਂ ਸਾਫ ਬੋਲ- ਹਨ, ਪਰ ਜੋ ਕੁਝ ਬੋਲਦੇ ਹਨ, ਆਪ ਰਤੀ ਨਹੀਂ ਸਮਝ- ਹਾਂ ਸੁਰ ਨੂੰ ਚੰਗੀ ਤਰਾਂ ਜੇਹੀ ਸੁਣਦੇ ਹਨ ਤੇਹੀ ਕੱਢਦੇ ਕੰਹਦੇ ਹਨ, ਕਿ ਇੱਕ ਜਣੇ ਨੇ ਤੋਤਾ ਪੱਲਿਆ, ਅਤੇ

* ਸਿੱਟਾ

ਉਸਦੇ ਪੜ੍ਹਾਉਣ ਵਿਖੇ ਬਹੁਤ ਸਿਰ ਖਪਾਇਆ, ਪਰ
ਇਸ ਤੇ ਛੁੱਟ ਹੋਰ ਕੁਝ ਨਾ ਸਿੱਖਿਆ, ਕਿ "ਦਰੀਂ ਚਿ ਸ਼ੱਕ"
ਅਰਥਾਤ ਇਸ ਵਿਖੇ ਕੀ ਭੁਲੇਖਾ ਹੈ। ਸਾਰਾ ਦਿਨ ਇਹੋ ਕੰਹ
ਰਹੇ। ਸਾਈਂ ਨੈ ਖਿੱਝਕੇ ਉਸਨੂੰ ਇੱਕ ਨਵੇਂ ਪਿੰਜਰੇ ਵਿ
ਪਾਇਆ, ਚਿੱਟਾ ਉਛਾੜ ਚੜ੍ਹਾਇਆ, ਬਜਾਰ ਵਿੱਚ ਜਾਕੇ ਹੋ
ਦੇਣ ਲੱਗਿਆ, ਕੋਈ ਖਰੀਦੂ ਹੈ, ਕੋਈ ਖਰੀਦੂ ਹੈ, ਅਰ
ਤੋਤਾ ਲਓ ਤੀਹਾਂ ਰੁਪਈਆਂ ਨੂੰ। ਇੱਕ ਜਣਾ ਸੁਣਕੇ ਕੋ
ਆਇਆ, ਅਚਰਜ ਕੀਤਾ, ਕਿ ਟਕੇ ਟਕੇ ਨੂੰ ਤੋਤਾ ਬਿਕ
ਹੈ, ਇਹ ਤੀਹਾਂ ਰੁਪਈਆਂ ਦਾ ਤੋਤਾ ਕੇਹਾ ਹੋਇਗਾ ? ਹਾ
ਪੁੱਛਿਆ, ਕਿ ਗੰਗਾ ਰਾਮਾ! ਕੀ ਤੂੰ ਸੱਚ ਮੁੱਚ ਤੀਹਾਂ ਰੁਪਈ
ਦਾ ਧਨ ਹੈਂ ? ਤੋਤਾ ਬੋਲਿਆ, ਕਿ ਦਰੀਂ ਚਿ ਸ਼ੱਕ। ਥੋ
ਜੋਗਜ ਉੱਤਰ ਸੁਣਕੇ ਅਚਰਜ ਹੋਇਆ, ਝੱਟ ਤੋਤੇ ਨੂੰ ਖਰ
ਲਿਆ, ਪ੍ਰਸੰਨ ਹੋ ਹੋ ਘਰ ਲੈ ਆਇਆ। ਦੋ ਚਹੁੰ ਦਿ
ਮਗਰੋਂ ਮਲੂਮ ਹੋਇਆ, ਕਿ ਇਸਨੂੰ ਤਾਂ "ਦਰੀਂ ਚਿ ਸ਼
ਤੇ ਬਿਨਾ ਹੋਰ ਕੁਝ ਨਹੀਂ ਆਉਂਦਾ। ਭੋਲਾ ਭਾਲਾ ਗ
ਇਹ ਸੌਦਾ ਕਰ ਬਹੁਤ ਪਛਤਾਇਆ, ਇੱਕ ਦਿਹਾੜੇ ਖਿ
ਬੋਲਿਆ, ਵਡਾ ਮੂਰਖਪੁਣਾ ਕੀਤਾ, ਕਿ ਅਜੇਹੇ ਤੋਤੇ ਪੁਰ
ਰੁਪਈਏ ਪੁੱਟੇ। ਤੋਤਾ ਬੋਲਿਆ, "ਦਰੀਂ ਚਿ ਸ਼ੱਕ"। ਗ
ਹੱਸ ਪਿਆ, ਤਾੱਕੀ ਖੋਲ੍ਹਕੇ ਤੋਤੇ ਨੂੰ ਉਡਾ ਦਿੱਤਾ॥

ਇਸਦੀ ਚੁੰਝ ਤਾਂ ਦੇਖੋ, ਕੇਹਾ ਢੰਗ ਰੱਖਿਆ ਹੈ! ਵਿੰਗੀ,
ਤਕੜੀ, ਕੈਂਚੀ ਵਰਗੀ ਤਿੱਖੀ, ਅੰਗੁਲੀ ਸਾਮਣੇ ਨਾ ਕਰਨੀ,
ਖਣੇ ਬੋਟੀ ਉਡਾ ਲੈ ਜਾਂਦਾ ਹੈ। ਇਸਨੂੰ ਕੁਤਰਨ ਦਾ ਅਮਰੀ
ਰੋਗ ਹੈ, ਜੋ ਵਸਤੁ ਵੇਖਦਾ ਹੈ, ਕੁਤਰ ਕੁਤਰਕੇ ਢੇਰ ਲਾ ਦਿੰਦਾ
ਹੈ। ਇਸਦੀ ਮੋਟੀ ਜਿਹੀ ਜੀਭ ਕੀ ਹੈ, ਜਾਣੋ ਇੱਕ ਚਮਚਾ
ਹੈ, ਅੰਬ ਯਾ ਹੋਰ ਕੋਈ ਕੂਲੀ ਵਸਤੁ ਦੇਖਦਾ ਹੈ, ਤਾਂ ਉਸ ਵਿੱਚੋਂ
ਗੁੱਦਾ ਕੱਢਕੇ ਖਾਂਦਾ ਹੈ। ਨਰ ਦੇ ਗਲ ਵਿੱਚ ਅਮਰੀ ਕੰਠਾ
ਹੁੰਦਾ ਹੈ, ਹੇਠੋਂ ਕਾਲਾ, ਉੱਪਰੋਂ ਗੁਲਾਬੀ, ਪਰ ਉਸ ਵੇਲੇ ਚੰਗੀ
ਤਰਾਂ ਪ੍ਰਗਟ ਹੁੰਦਾ ਹੈ, ਜਾਂ ਜੁਆਨੀ ਪੁਰ ਆਉਂਦਾ ਹੈ। ਤੋਤੇ
ਦੀਆਂ ਲੱਤਾਂ ਛੋਟੀਆਂ ਛੋਟੀਆਂ ਹੁੰਦੀਆਂ ਹਨ, ਇਸੇ ਕਾਰਣ ਭੋਂ
ਪੁਰ ਚੰਗੀ ਤਰਾਂ ਤੁਰ ਨਹੀਂ ਸਕਦਾ, ਇਸ ਤਰਾਂ ਚਲਦਾ ਹੈ,
ਜਹਾਕਿ ਮਨੁੱਖ ਗੋਡਿਆਂ ਦੇ ਭਾਰ। ਇਸਦੇ ਪੰਜੇ ਵਿਖੇ ਚਾਰ
ਅੰਗੁਲੀਆਂ, ਦੋ ਅੱਗੇ, ਦੋ ਪਿੱਛੇ, ਪੰਜਾ ਅਜੇਹਾ ਹੈ, ਕਿ ਲਟਕ-
ਦੀ ਟਾਹਣੀ ਯਾ ਲਮਕਦੀ ਰੱਸ਼ੀ ਪੁਰ ਬੈਠ ਜਾਂਦਾ ਹੈ, ਪੰਜਿ-
ਆਂ ਨਾਲ ਪਕੜਕੇ ਉੱਪਰ ਨੂੰ ਸੌਖਾ ਚੜ ਸਕਦਾ ਹੈ, ਚੜਨ
ਵਿਖੇ ਚੁੰਝ ਤੇ ਬੀ ਸਹਾਰਾ ਲੈਂਦਾ ਹੈ। ਇਸਨੂੰ ਅਸੀਂ ਚੜਨ-
ਵਾਲਾ ਕਹਾਂਗੇ। ਕਟਫੋੜਾ, ਕਿ ਜਿਸਦਾ ਵਰਨਣ ਅਗਲੀ
ਪੁਸਤਕ ਵਿਖੇ ਹੈ, ਅਤੇ ਕੋਇਲ ਇਸੇ ਪ੍ਰਕਾਰ ਦੇ ਜਨੌਰ ਹਨ॥

# ਤ੍ਰੈ ਖੰਡਾਂਵਾਲੇ ਕੀੜੇ॥

ਤੁਸਾਂ ਬਹੁਤ ਵਾਰ ਮੱਖੀ ਨੂੰ ਸ਼ੀਸ਼ੇ ਪੁਰ ਚਲਦੀ ਦੇਖਾ
ਹੋਇਗਾ, ਸ਼ੀਸ਼ਾ ਕੰਧ ਵਾਕਰ ਸਿੱਧਾ ਖੜਾ ਹੁੰਦਾ ਹੈ, ਅ
ਅਜੇਹਾ ਸਾਫ਼ ਨਿਰਮਲ, ਕਿ ਕੋਈ ਵਸਤੂ ਉਸ ਪੁਰ ਠਹ
ਨਹੀਂ ਸਕਦੀ, ਇਹ ਉਸ ਪੁਰ ਚੰਗੀ ਤਰਾਂ ਚਲਦੀ ਹੈ। ਕਿੱਕੁ
ਚਲਦੀ ਹੋਇਗੀ ? ਕਈ ਜਨੌਰ ਨੌਹਾਂ ਨਾਲ ਕੰਧ ਯਾ ਬਿਰ
ਨੂੰ ਫੜਕੇ ਉੱਪਰ ਚੜ੍ਹ ਸਕਦੇ ਹਨ, ਪਰ ਇਸਦੇ ਪੈਰ ਅਜੇ
ਹਨ, ਕਿ ਸ਼ੀਸ਼ੇ ਨੂੰ ਅਜੇਹੇ ਬਲ ਨਾਲ ਫੜਦੇ ਹਨ, ਕਿ ਇ
ਦੇ ਸਾਰੇ ਭਾਰ ਨੂੰ ਥੰਮੇ ਰੈਹਦੇ ਹਨ। ਤੁਸੀਂ ਇਹਨੂੰ ਚੰਗੀ ਤ
ਵੇਖੋ, ਇਸ ਵਿਖੇ, ਵੱਖੋ ਵੱਖਰੇ ਤ੍ਰੈ ਭਾਗ ਪਰਤੀਤ ਹੋਣ
ਮੁੰਡੀ, ਹਿੱਕਵਾਲਾ ਭਾਗ, ਢਿੱਡਵਾਲਾ ਭਾਗ। ਇਸਦੀ ਮੁੰ
ਨੂੰ ਦੇਖੋ, ਦੋ ਟਾਹਣੀਆਂ ਜੇਹੀਆਂ ਮੱਥੇ ਪੁਰ ਨਿੱਕਲੀ
ਹੋਈਆਂ ਹਨ, ਉਨ੍ਹਾਂ ਨਾਲ ਵਸਤੂ ਨੂੰ ਟੋਹ ਲੈਂਦੀ ਹੈ। ਇ
ਮੂੰਹ ਹੈ, ਰਸਭਰੀ ਵਸਤੂ ਹੋਇ, ਤਾਂ ਉਸ ਨਾਲ ਚੂਪ ਲੈਂਦੀ
ਸਿਰ ਦੇ ਸੱਜੇ ਖੱਬੇ ਇੱਕ ਇੱਕ ਨੇਤ੍ਰ ਹੈ, ਜੋ ਬਹੁਤੀਆਂ ਨਿੱ
ਆਂ ਨਿੱਕੀਆਂ ਅੱਖਾਂ ਨਾਲ ਮਿਲਕੇ ਬਣਿਆ ਹੈ, ਇਨਾਂ
ਛੁੱਟ ਤ੍ਰੈ ਛੋਟੀਆਂ ਛੋਟੀਆਂ ਅੱਖਾਂ ਸਿਰ ਦੇ ਉੱਪਰ ਬੀ ਹਨ।

ਭ ਹਨ, ਸਾਫ਼ ਨਿਰਮਲ, ਜੇਹੇ ਅਬਰਕ ਦੇ ਨਿੱਕੇ ਨਿੱਕੇ ਕੜੇ, ਅਤੇ ਛੇ ਲੱਤਾਂ ਹਨ, ਏਹ ਸਾਰੇ ਹਿੱਕਵਾਲੇ ਭਾਗ ਵਿਖੇ ਨ। ਮੱਖੀ ਵਿਖੇ ਹੱਡੀ ਦਾ ਨਾਉਂ ਸਾਰਖਾ ਨਹੀਂ, ਤਮਾਸ਼ਾ ਏਹ ਹੈ, ਕਿ ਮੂੰਹ ਨਾਲ ਸਾਹ ਨਹੀਂ ਲੈਂਦੀ, ਹਿੱਕ ਅਤੇ ਢਿਡ-ਾਲਿਆਂ ਭਾਗਾਂ ਦੇ ਦੋਹੀਂ ਵੱਲੀਂ ਬਰੀਕ ਬਰੀਕ ਛੇਕਾਂ ਦੀ ੱਕ ਇੱਕ ਪਾਲ ਹੈ, ਉਨ੍ਹਾਂ ਨਾਲ ਸਾਹ ਲੈਂਦੀ ਹੈ॥

ਮੱਖੀਆਂ ਬਹੁਤ ਪ੍ਰਕਾਰ ਦੀਆਂ ਹੁੰਦੀਆਂ ਹਨ, ਬਾਹਲੀਆਂ ਉਡਣ ਵਿਖੇ ਭਿਣ ਭਿਣਾਹਟ ਨਿੱਕਲਦੀ ਹੈ। ਪਰਸਿੱਧ ਖੀਆਂ ਘਰਾਂ ਵਿਖੇ ਉਡਦੀਆਂ ਫਿਰਦੀਆਂ ਹਨ, ਏਹ ਮੈਲੀ ਰੋਲੀ ਥਾਂ ਆਂਡੇ ਦਿੰਦੀਆਂ ਹਨ, ਕਦੇ ਜਨੌਰਾਂ ਦਿਆਂ ਘਾਵਾਂ ਤ ਬੀ, ਕਈ ਮੱਖੀਆਂ ਘੋੜਿਆਂ ਭੇਡਾਂ ਅਤੇ ਡੰਗਰਾਂ ਨੂੰ ਅਤਿ ਖ ਦਿੰਦੀਆਂ ਹਨ, ਅਤੇ ਹਨੇਰ ਮਾਰਦੀਆਂ ਹਨ, ਕਿ ਉਨ੍ਹਾਂ ਖੱਲ ਦੀ ਤਹ ਦੇ ਹੇਠ ਆਂਡੇ ਦੇ ਆਉਂਦੀਆਂ ਹਨ। ਕਈ ਸ ਪੁਰ ਆਂਡੇ ਦਿੰਦੀਆਂ ਹਨ, ਕਈ ਬੂਟਿਆਂ ਪੁਰ। ਇਨ੍ਹਾਂ ੱਚੋਂ ਕਿਰਮ ਨਿੱਕਲਦੇ ਹਨ, ਉੱਥੇ ਹੀ ਪਲਦੇ ਹਨ। ਬੂਟਿਆਂ ਲੇ ਕਿਰਮ, ਜੜ੍ਹਾਂ ਪੱਤੀਆਂ ਅਤੇ ਫਲਾਂ ਫੁੱਲਾਂ ਦਾ ਬਹੁਤ ਗਾੜ ਕਰਦੇ ਹਨ। ਵਡੇ ਹੁੰਦੇ ਹਨ, ਤਾਂ ਬਾਹਲਾ ਆਪਣਾ ਜਾ ਛੱਡ ਦਿੰਦੇ ਹਨ, ਅਤੇ ਧਰਤੀ ਪੁਰ ਡਿਗ ਪੈਂਦੇ ਹਨ।

ਕਦੇ ਧਰਤੀ ਦੇ ਅੰਦਰ ਬੈਠ ਜਾਂਦੇ ਹਨ, ਕਦੇ ਵੱਖਰੀ ਰ
ਥਾਂ ਢੂੰਡ ਲੈਂਦੇ ਹਨ। ਉੱਥੇ ਆਪਣਾ ਪਹਲਾ ਜਾਮਾ ਲ
ਹਨ, ਹੁਣ ਹੋਰ ਹੀ ਰੂਪ ਵਟਾ ਲੈਂਦੇ ਹਨ। ਗੋਲ ਮੋਲ
ਅਤੇ ਨੋਕਾਂ ਵਾਲੇ ਦੋਵੇਂ ਪਾਸੇ ਹੋ ਜਾਂਦੇ ਹਨ, ਸਿਰ, ਧੜ,
ਰਤੀ ਮਲੂਮ ਨਹੀਂ ਹੁੰਦੇ, ਇਸ ਹਾਲ ਵਿੱਚ ਨਾ ਹਿਲਦੇ ਜੁ
ਹਨ, ਨਾ ਕੁਝ ਖਾਂਦੇ ਪੀਂਦੇ ਹੀ ਹਨ, ਥੋੜੇ ਚਿਰ ਮਗਰੋਂ ਅੰ
ਅੰਦਰ ਮੱਖੀਆਂ ਬਣ ਜਾਂਦੇ ਹਨ, ਖੱਲ ਪਾੜਕੇ ਨਿੱਕ
ਆਉਂਦੇ ਹਨ, ਉਡਦੇ ਫਿਰਦੇ ਹਨ, ਸਭਨਾਂ ਨੂੰ ਦੁੱਖ ਦਿੰਦੇ ਹ
ਇਨ੍ਹਾਂ ਕਿਰਮਾਂ ਦਾ ਕੁਝ ਕੁਝ ਗੁਣ ਬੀ ਹੈ, ਕਿਉਂਕਿ ਬ
ਸਾਰੀਆਂ ਗਲੀਆਂ ਸੜੀਆਂ ਵਸਤਾਂ ਅਤੇ ਸਭਨਾਂ ਤਰਾਂ ਦੀ
ਪੀਪਾਂ ਨੂੰ ਖਾਕੇ ਸਾਫ਼ ਕਰ ਦਿੰਦੇ ਹਨ, ਅਤੇ ਆਪ ਬੀ ਸਭ
ਹਾਲਤਾਂ ਵਿਖੇ ਬਾਹਲਿਆਂ ਜਨੌਰਾਂ ਦਾ ਖੱਾਜਾ ਬਣਦੇ ਹਨ।

ਮੱਛਰਾਂ ਦੇ ਬੀ ਮੱਖੀਆਂ ਦੀ ਤਰਾਂ ਦੋ ਨਿਰਮਲ
ਵਾਕਰ ਖੰਭ ਹਨ; ਇਨ੍ਹਾਂ ਤੇ ਛੁੱਟ ਹੋਰਨਾਂ ਗੱਲਾਂ ਵਿੱਚ
ਮੱਖੀਆਂ ਨਾਲ ਰਲਦੇ ਮਿਲਦੇ ਹਨ। ਇਨ੍ਹਾਂ ਦੀ ਇੱਕ
ਜਿਹੀ ਸੁੰਡ ਹੁੰਦੀ ਹੈ, ਵਾਲ ਕੋਲੋਂ ਬੀ ਵਧੀਕ ਬਰੀਕ
ਅਜੇਹੀ ਤ੍ਰਿਖੀ ਹੈ, ਕਿ ਮਾਸ ਤੇ ਪਾਰ ਹੋ ਜਾਂਦੀ ਹੈ, ਉਸ
ਲਹੂ ਚੂੰਘ ਲੈਂਦੇ ਹਨ, ਅਤੇ ਅਜੇਹਾ ਮਹੁਰਾ ਘੋਲ ਦਿੰਦੇ

ਰ ਜਿਸ ਨਾਲ ਵਡੀ ਪੀੜ ਹੁੰਦੀ ਹੈ। ਮੱਛਰ ਵਿਖੇ ਜੋ ਭਿਣ
ਣਾਹਟ ਹੁੰਦੀ ਹੈ, ਉਹ ਖੰਭਾਂ ਦਾ ਸਬਦ ਹੈ। ਇਹ ਜਨੌਰ
ਲ ਅਤੇ ਗਿੱਲੀ ਥਾਂ ਪ੍ਰਸੰਨ ਰੰਹਦਾ ਹੈ, ਖਲੋਤੇ ਜਲ ਦੇ
ੱਪਰ ਆਂਡੇ ਦਿੰਦਾ ਹੈ। ਜਾਂ ਉਨ੍ਹਾਂ ਵਿੱਚੋਂ ਬੱਚੇ ਨਿੱਕਲਦੇ ਹਨ,
ਾਂ ਵਡੇ ਤ੍ਰਿੱਖੇ ਹੁੰਦੇ ਹਨ, ਜਲ ਵਿਖੇ ਤਿਰਮਿਰ ਤਿਰਮਿਰ
ਰਦੇ ਫਿਰਦੇ ਹਨ, ਚੁੱਭੀ ਮਾਰਦੇ ਹਨ, ਸਾਹ ਲੈਣ ਲਈ
ੱਪਰ ਆ ਜਾਂਦੇ ਹਨ, ਪਰ ਤਮਾਸ਼ਾ ਇਹ ਹੈ, ਕਿ ਸਿਰ ਹਿਠਾਹਾਂ
ਰਕੇ ਸਾਹ ਲੈਂਦੇ ਹਨ। ਢਿੱਡਵਾਲੇ ਭਾਗ ਵਿੱਚੋਂ ਇੱਕ ਬਰੀਕ
ਜਿਹੀ ਨਾਲਕੀ ਨਿੱਕਲਦੀ ਹੈ, ਉਸੇ ਨਾਲ ਸਾਹ ਲੈਂਦੇ ਹਨ।
ਰਦਾਰ ਜਨੌਰ ਅਤੇ ਸੜੀ ਗਲੀ ਬਨਾਸਪਤਿ ਖਾਂਦੇ ਹਨ।
ਤੇ ਨਿੱਕੇ ਨਿੱਕੇ ਕੀੜੇ, ਜੋ ਜਲ ਵਿਖੇ ਰੰਹਦੇ ਹਨ, ਉਨ੍ਹਾਂ ਨੂੰ
ੀ ਚੱਟਮ ਕਰ ਜਾਂਦੇ ਹਨ। ਮੱਛਰ ਆਂਡੇ ਤੇ ਨਿੱਕਲਕੇ
ਦਰਾਂ ਦਿਨਾਂ ਵਿਖੇ ਪੂਰੇ ਡੀਲ ਦਾ ਬਣ ਜਾਂਦਾ ਹੈ, ਹੁਣ ਪਹਲੀ
ਰਤ ਵੱਟ ਜਾਂਦੀ ਹੈ, ਦੂਜੀ ਸੂਰਤ ਕੁਝ ਹੋਰ ਹੀ ਨਿੱਕਲ
ਉਂਦੀ ਹੈ, ਦੋ ਨਲਕੀਆਂ ਮੂਹਰਿਓਂ ਨਿੱਕਲਦੀਆਂ ਹਨ,
ਨ੍ਹਾਂ ਨਾਲ ਸਾਹ ਲੈਂਦਾ ਹੈ। ਜਾਂ ਤੀਜੀ ਸੂਰਤ ਵਿਖੇ ਆਉਣ
ਗਦਾ ਹੈ, ਤਾਂ ਪਹਲਾਂ ਜਲ ਪੁਰ ਆ ਜਾਂਦਾ ਹੈ, ਫੇਰ ਮਾਸ
ਾੜਕੇ ਨਿੱਕਲ ਆਉਂਦਾ ਹੈ, ਅਤੇ ਮੱਛਰ ਬਣਕੇ ਉਡ ਜਾਂਦਾ ਹੈ॥

ਬਹੁਤ ਅਜੇਹੇ ਕੀੜੇ ਹਨ, ਜਿਨ੍ਹਾਂ ਦੇ ਸਰੀਰ ਦੇ ਮੁ
ਵਾਕਰ ਤ੍ਰੈ ਭਾਗ ਹਨ। ਇਨ੍ਹਾਂ ਨੂੰ ਅਸੀਂ ਤ੍ਰਿੰਨਾ ਭਾਗਾਂਵ
ਕਹਾਂਗੇ। ਇਨ੍ਹਾਂ ਵਿੱਚੋਂ ਬਾਹਲੀਆਂ ਤ੍ਰੈ ਸੂਰਤਾਂ ਵਟਦੀਆਂ ਹ
ਸਰੀਰ ਵਿਖੇ ਇੱਕ ਦੋ ਹੱਡੀ ਨਹੀਂ। ਸਾਰਿਆਂ ਦੇ ਸਿਰਾਂ
ਦੋ ਟਾਹਣੀਆਂ ਜੇਹੀਆਂ ਹੁੰਦੀਆਂ ਹਨ, ਅਤੇ ਬਹੁਤਿਆਂ ਦੀ
ਦੋ ਅੱਖਾਂ, ਜੋ ਬਹੁਤੀਆਂ ਨਿੱਕੀਆਂ ਨਿੱਕੀਆਂ ਅੱਖਾਂ ਮਿਲ
ਬਣੀਆਂ ਹਨ। ਸਭਨਾਂ ਦੀਆਂ ਛੇ ਲੱਤਾਂ ਹਨ, ਏਹ ਹਿੱਕਵ
ਭਾਗ ਵਿਖੇ ਹਨ, ਇਸੇ ਭਾਗ ਵਿਖੇ ਕਿਸੇ ਦੇ ਚਾਰ ਖੰਭ ਹ
ਕਿਸੇ ਦੇ ਦੋ, ਕਈਆਂ ਦੇ ਮੁੱਢੋਂ ਨਹੀਂ, ਹਿੱਕ ਅਤੇ ਢਿੱਡਵਾਲਿ
ਭਾਗਾਂ ਦੇ ਦੋਹੀਂ ਪਾਸੀਂ ਬਰੀਕ ਬਰੀਕ ਛੇਕਾਂ ਦੀ ਪਾਲ
ਸਾਰੇ ਇਨ੍ਹਾਂ ਦੀ ਹੀ ਰਾਹੀਂ ਸਾਹ ਲੈਂਦੇ ਹਨ। ਗੁਬਰੈ
ਅਰਥਾਤ ਗੋਹੇ ਦਾ ਕੀੜਾ ਮਧੁਮੱਖੀ, ਧਮੋੜੀ, ਕੀੜੀ, ਝੀਂ
ਟਿੱਡੀ, ਪਤੰਗ, ਭੰਬੀਰੀ, ਮਾਂਕੜੂ, ਪਿੱਸੂ ਅਤੇ ਹੋਰ ਸੈਂਕੜੇ
ਇਸੇ ਪ੍ਰਕਾਰ ਦੇ ਹਨ, ਕਈਆਂ ਤੇ ਵੱਡੇ ਵੱਡੇ ਲਾਭ ਹੁੰਦੇ
ਮਧੁਮੱਖੀ ਮਾਖਿਓਂ ਬਣਾਉਂਦੀ ਹੈ, ਮੋਮ ਬੀ ਇਸੇ ਦੇ ਕ
ਹੈ, ਪੱਟ ਦੇ ਕੀੜੇ ਹਜਾਰਾਂ ਲੱਖਾਂ ਰੁਪਈਆਂ ਦਾ ਪੱਟ ਤ
ਹਨ, ਕਿਰਮ ਦੇ ਕੀੜੇ ਤੇ ਕਿਰਮਚੀ ਰੰਗ ਬਣਦਾ ਹੈ,
ਰੰਗ ਅਤਿ ਸੁਹਣਾ ਹੁੰਦਾ ਹੈ॥

ਮਕੜੀ ਉਨ੍ਹਾਂ ਕੀੜਿਆਂ ਵਿੱਚੋਂ ਨਹੀਂ, ਜਿਨ੍ਹਾਂ ਦੇ ਸਰੀਰ ਦੇ ਭਾਗ ਹਨ, ਨਾ ਤ੍ਰੈ ਰੂਪ ਵਟਾਉਂਦੀ ਹੈ, ਇਸਦੀ ਹਿੱਕ ਤੇ ਢਿੱਡ ਇੱਕੋ ਭਾਗ ਵਿਖੇ ਹਨ, ਦੂਜੀ ਪੁਸਤਕ ਵਿਖੇ ਸਦਾ ਕੁਝ ਵਰਨਣ ਆ ਗਇਆ ਹੈ, ਅੱਗੇ ਕੁਝ ਹੋਰ ਬੀ ਇਗਾ॥

# ਮੱਛੀ॥

ਇਹ ਕੌਣ ਹੈ? ਇਸ ਦੇ ਹੱਥ ਵਿਖੇ ਕੀ ਹੈ? ਮੱਛੀਵਾਲਾ ਮੱਛੀਆਂ ਫੜਦਾ ਹੈ, ਜਾਲ ਦੀ ਰੱਸੀ ਹੱਥ ਵਿਖੇ ਹੈ। ਜਾਲ ਥੋੜੇ ਪਾਣੀ ਵਿਖੇ ਸਿੱਟਿਆ ਹੈ, ਉਹ ਉਸਨੂੰ ਖਿੰਜਦਾ ਹੈ, ਛੀਆਂ ਦੌੜਦੀਆਂ ਹਨ, ਪਰ ਜਾਲ ਦੇ ਪੇਚਾਂ ਵਿੱਚ ਲਚਦੀਆਂ ਹਨ, ਫਸ ਜਾਂਦੀਆਂ ਹਨ, ਵਿਚਾਰੀਆਂ ਸੁਹਦੀ-ਂ ਮੂੰਹ ਖੋਲ ਖੋਲਕੇ ਕੇਹੀਆਂ ਤੜਫਦੀਆਂ ਹਨ। ਇਨ੍ਹਾਂ ਦੇ ਹ ਘੁੱਟਦੇ ਹੋਣਗੇ, ਥੋੜੇ ਚਿਰ ਨੂੰ ਬਸ ਮਰ ਜਾਣਗੀਆਂ, ਂ ਸਾਡੇ ਵਾਕਰ ਵਾਉ ਵਿਖੇ ਜੀ ਨਹੀਂ ਸਕਦੀਆਂ। ਜਲ ਤੇ ਹਰ ਕੱਢਦੇ ਹਨ, ਤਾਂ ਇਨ੍ਹਾਂ ਦਾ ਅਜੇਹਾ ਹਾਲ ਹੋ ਜਾਂਦਾ ਹੈ, ਜੇਹਾ ਸਾਡਾ ਹਾਲ ਜਲ ਵਿਖੇ॥

ਮੱਛੀਆਂ ਸਾਡੀ ਤਰਾਂ ਸਾਹ ਨਹੀਂ ਲੈਂਦੀਆਂ, ਇਨ੍ਹਾਂ ਦਾ

ਫੇਫੜਾ ਨਹੀਂ ਹੁੰਦਾ। ਮੱਛੀ ਨੂੰ ਧਯਾਨ ਨਾਲ ਵੇਖੋ, ਤਾਂ
ਦੇ ਧੜ ਅਤੇ ਸਿਰ ਦੇ ਵੱਢੇ ਵਿੱਚ ਗੁਲਾਬੀ ਰੰਗ ਦਿਆਂ ਗੋ
ਆਂ ਦੀਆਂ ਕੁੱਬਵਾਲੀਆਂ ਝਾਲਰਾਂ ਹੇਠਾਂ ਉੱਪਰ ਲੱਗੀਆਂ ਹ
ਇਨ੍ਹਾਂ ਨੂੰ ਗਲਫੜੇ ਕੰਹਦੇ ਹਨ, ਅਚਰਜ ਆਉਂਦਾ ਹੈ,
ਉਹੋ ਇਸਨੂੰ ਫੇਫੜੇ ਦਾ ਕੰਮ ਦਿੰਦੇ ਹਨ। ਇਹ ਗੱਲ ਅ
ਤੁਹਾਡੀ ਸਮਝ ਵਿੱਚ ਆਉਣੀ ਔਖੀ ਹੈ, ਕਿ ਓਹ ਇਸ ਵਿ
ਦੀਂ ਕਿੱਕੁਰ ਸਾਹ ਲੈਂਦੀਆਂ ਹਨ, ਹੌਲੀ ਹੌਲੀ ਸਬ ਕੁਝ
ਜਾਓਗੇ॥

ਇਸ ਮੱਛੀ ਨੂੰ ਵੇਖੋ, ਇਸ ਦੇ ਸਰੀਰ ਉੱਤੇ ਚਾਂਦੀ ਦਿ
ਪੱਤਰਿਆਂ ਵਾਕਰ ਕੀ ਚਮਕਦਾ ਹੈ? ਏਹ ਇਸ ਦੇ ਚਾਨੇ ਹਨ
ਇਸ ਦੇ ਸਰੀਰ ਪੁਰ ਦੋਹੀਂ ਪਾਸੀਂ ਇਹ ਕੀ ਹੈ? ਏਹ ਖੰਭ ਹਨ
ਤਰਨ ਵਿਖੇ ਏਹ ਇਸਨੂੰ ਚੱਪਿਆਂ ਦਾ ਕੰਮ ਦਿੰਦੇ ਹਨ। ਬਾਹ
ਲੀਆਂ ਮੱਛੀਆਂ ਦਿਆਂ ਦੋਹਾਂ ਗਲਫੜਿਆਂ ਦੇ ਕੋਲ ਇੱਕ ਇੱਕ
ਪਰ ਹੁੰਦਾ ਹੈ, ਏਹ ਹਿੱਕ ਦੇ ਪਰ ਹਨ, ਇਨ੍ਹਾਂ ਦੇ ਹੇਠ ਬੀ ਦੋਹੀ
ਵੱਲੀਂ ਇੱਕ ਇੱਕ ਪਰ ਹੈ, ਏਹ ਢਿੱਡ ਦੇ ਪਰ ਹਨ। ਛਾਤੀ
ਦੇ ਪਰ ਜਾਣੋ ਇਸ ਦੇ ਹੱਥ ਹਨ, ਅਤੇ ਢਿੱਡ ਦੇ ਪਰ ਪੈਰ
ਬਾਹਲੇ ਪਿੱਠ ਦੀ ਧਾਰ ਪੁਰ ਬੀ ਦੋ ਪਰ ਹੁੰਦੇ ਹਨ, ਓਹ ਪਿੱਠ
ਦੇ ਪਰ ਹਨ, ਅਤੇ ਇੱਕ ਪੂਛਲ ਦੇ ਕੋਲ ਹੇਠ ਨੂੰ, ਇਹ ਪਿੱਛੇ

। ਪਰ ਹੈ। ਜਾਂ ਉਪਰਾਹਾਂ ਨੂੰ ਆਉਂਦੀ ਹੈ, ਯਾ ਹਿਠਾਹਾਂ ਨੂੰ
ਾਂਦੀ ਹੈ, ਤਾਂ ਛਾਤੀ ਅਤੇ ਪੇਟ ਦਿਆਂ ਪਰਾਂ ਕੋਲੋਂ ਕੰਮ ਲੈਂਦੀ
, ਛਾਤੀ ਦਿਆਂ ਪਰਾਂ ਨਾਲ ਟੋਹ ਬੀ ਲੈਂਦੀ ਹੈ, ਕਿ ਹੇਠਾਂ
ਾਣੀ ਵਿਖੇ ਕੀ ਹੈ, ਜਿਹਾ ਕਿ ਅਸੀਂ ਹੱਥਾਂ ਨਾਲ ਦੇਖ ਲੈਂਦੇ
ਾਂ, ਇਨ੍ਹਾਂ ਹੀ ਨਾਲ ਪਿਛਾਹਾਂ ਬੀ ਹਟ ਜਾਂਦੀ ਹੈ। ਸਾਰੇ ਖੰਭ
ੁਸਨੂੰ ਜਲ ਵਿਖੇ ਬਰਾਬਰ ਇੱਕੋ ਜਿਹਾ ਰਖਦੇ ਹਨ, ਇਨ੍ਹਾਂ
ੱਚੋਂ ਇੱਕ ਬੀ ਵੱਢ ਸਿੱਟੋ, ਤਾਂ ਬਰਾਬਰ ਤੁਲੀ ਨਾ ਰਹੇਗੀ।
ੱਛੀ ਕਿਸੇ ਪਾਸੇ ਮੁੜਨਾ ਚਾਹੁੰਦੀ ਹੈ, ਤਾਂ ਜਿੱਧਿਰ ਮੁੜੇਗੀ,
ਸ ਤੇ ਦੂਜੇ ਪਾਸੇ ਪੂਛਲ ਮਾਰਦੀ ਹੈ, ਅਤੇ ਝੱਟ ਮੁੜ ਜਾਂਦੀ
, ਪੂਛ ਨੂੰ ਸੱਜੇ ਖੱਬੇ ਦੋਹੀਂ ਦਾਈਂ ਮਾਰਦੀ ਹੈ, ਤਾਂ ਜਲ ਵਿਖੇ
ੋਰ ਵਾਕਰ ਚਲੀ ਜਾਂਦੀ ਹੈ। ਇਸ ਦੀ ਪੂਛਲ ਤਰਨ ਦਾ
ੜਾ *ਸੰਦ ਹੈ, ਪਰ ਖੰਭ ਅਤੇ ਪਿੱਠ ਦੀ ਹੱਡੀ ਨੂੰ ਹਿਲਾਉਣਾ
ੀ ਅੱਗੇ ਵਧਣ ਵਿੱਚ ਕੁਝ ਕੰਮ ਦਿੰਦਾ ਹੈ। ਪਹਲੋਂ ਆ
ਿਕਿਆ ਹੈ, ਕਿ ਉੱਪਰ ਆਉਣ ਅਤੇ ਹੇਠਾਂ ਜਾਣ ਵਿੱਚ ਛਾਤੀ
ਤੇ ਢਿੱਡ ਦੇ ਖੰਭ ਕੰਮ ਆਉਂਦੇ ਹਨ। ਪਰਾਂ ਤੇ ਛੁੱਟ ਬਹੁਤੀ
ਾਂ ਮੱਛੀਆਂ ਵਿੱਚ ਇੱਕ ਝਿੱਲੀ ਦਾ †ਭੁਕਾਨਾ ਹੈ, ਫੁਲਾਉਂਦੀਆਂ
ਨ, ਤਾਂ ਸੁਖਾਲੀਆਂ ਉੱਪਰ ਆ ਜਾਂਦੀਆਂ ਹਨ, ਸੁੰਗੋੜ ਲੈਂਦੀ-
ਾਂ ਹਨ, ਤਾਂ ਥੱਲੇ ਚਲੀਆਂ ਜਾਂਦੀਆਂ ਹਨ। ਤੁਸੀਂ ਜਾਣਦੇ

---

*ਹਥਿਆਰ

†ਫੁਕਨਾ

ਹੋ, ਕਿ ਤੂੰਬੇ ਨਾਲ ਮਨੁੱਖ ਕੇਹਾ ਸੌਖਾ ਤਰ ਸਕਦਾ ਹੈ, ਮੱਛੀ ਦਾ ਜੋ ਭੁਕਾਨਾ ਹੈ, ਉਸੇ ਨੂੰ ਉਸ ਦਾ ਤੂੰਬਾ ਸਮਝ ਲੌ ਦੁੱਧ ਚੁੰਘਾਉਣਵਾਲਿਆਂ ਜਨੌਰਾਂ ਅਤੇ ਪੰਖੀਆਂ ਦੀ ਰੱਤ ਗਰ ਹੁੰਦੀ ਹੈ, ਪਰ ਮੱਛੀ ਦੀ ਰੱਤ ਠੰਢੀ ਹੈ ॥

ਮੱਛੀਆਂ ਹਰ ਸਾਲ ਹਜਾਰਾਂ ਆਂਡੇ ਦਿੰਦੀਆਂ ਹਨ, ਉ ਵਿੱਚੋਂ ਬਹੁਤ ਸਾਰੇ ਬੱਚੇ ਨਿੱਕਲਦੇ ਹਨ, ਵਿਚਾਰੇ ਵੱਡੇ ਨ ਹੋਣੇ ਮਿਲਦੇ ਕਿ ਬਹੁਤੀਆਂ ਵੱਡੀਆਂ ਮੱਛੀਆਂ ਦਾ ਭੋਜ ਬਣਦੇ ਹਨ, ਯਾ ਹੋਰ ਪ੍ਰਕਾਰ ਮਾਰੇ ਜਾਂਦੇ ਹਨ। ਕਈ ਅਜੇਹ ਆਂ ਮੱਛੀਆਂ ਹਨ, ਜੋ ਗਰਭ ਦੇ ਅੰਦਰ ਹੀ ਆਂਡਿਆਂ ਵਿੱ ਨਿੱਕਲ ਆਉਂਦੀਆਂ ਹਨ, ਮਗਰੋਂ ਜੰਮਦੀਆਂ ਹਨ। ਸਮੁੰਦ ਵਿਖੇ ਅਣਗਿਣਤ ਮੱਛੀਆਂ ਰੰਹਦੀਆਂ ਹਨ, ਕਈ ਬਹੁ ਵੱਡੀਆਂ ਹੁੰਦੀਆਂ ਹਨ, ਕਈ ਬਹੁਤ ਛੋਟੀਆਂ, ਕਈਆਂ ਦ ਰੂਪ ਵਡਾ ਅਚਰਜ ਸੁੰਦਰ ਹੁੰਦਾ ਹੈ, ਕਈ ਵਡੀਆਂ ਪੇਟੂ ਅਤੇ ਲਾਲਚੀ ਹਨ। ਤਾਲ, ਛੰਭ, ਅਤੇ ਨਦੀ ਵਿਖੇ ਬੀ ਢੇਰ ਤਰ ਦੀਆਂ ਮੱਛੀਆਂ ਹੁੰਦੀਆਂ ਹਨ। ਬਹੁਤ ਤਰਾਂ ਦੀਆਂ ਮਨੁੱਖਾਂ ਦੇ ਖਾਣ ਦੇ ਜੋਗ ਹਨ, ਸਗੋਂ ਕਈਆਂ ਦੇਸਾਂ ਵਿਖੇ ਜੋ ਲੋਕ ਸਮੁੰ-ਦਰ ਦੇ ਕੰਢੇ ਪੁਰ ਹਨ, ਮੱਛੀਆਂ ਪੁਰ ਉਨ੍ਹਾਂ ਦਾ ਬਾਹਲਾ ਗੁਜਾਰਾ ਹੈ। ਜਿੱਥੇ ਸਮੁੰਦਰ ਵਿਖੇ ਮੱਛੀਆਂ ਦਾ ਸ਼ਿਕਾਰ ਹੈ, ਰੋਜ ਜਹਾਜ਼

ਦੇ ਜਹਾਜ ਜਾਂਦੇ ਹਨ ਅਤੇ ਲੱਦੇ ਹੋਏ ਆਉਂਦੇ ਹਨ। ਬਹੁ-ਤੀਆਂ ਸਾਰੀਆਂ ਐਵੇਂ ਹੀ ਸੁਕਾ ਰੱਖਦੇ ਹਨ, ਬਹੁਤੀਆਂ ਨੂੰ ਲੂਣ ਲਾਉਂਦੇ ਹਨ, ਬਹੁਤੀਆਂ ਦਾ ਅਚਾਰ ਪਾਉਂਦੇ ਹਨ, ਕਈਆਂ ਦਾ ਤੇਲ ਕੱਢਦੇ ਹਨ, ਤੇਲ ਬੇਸੁਆਦ ਹੁੰਦਾ ਹੈ, ਪਰ ਵਡਾ ਬਲ ਕਰਦਾ ਹੈ॥

## ਡੱਡੂ॥

ਇਹ ਅਚਰਜ ਪ੍ਰਕਾਰ ਦਾ ਜਨੌਰ ਹੈ, ਜਿਸ ਸੌਖ ਅਤੇ ਅਰਾਮ ਨਾਲ ਜਲ ਵਿਖੇ ਰਹ ਸਕਦਾ ਹੈ, ਉਸੇ ਤਰਾਂ ਬਾਹਰ। ਸਬ ਪ੍ਰਕਾਰ ਦੀਆਂ ਮੱਛੀਆਂ ਜਲ ਦੇ ਥੱਲੇ ਰੈਂਹਦੀਆਂ ਹਨ, ਮਨੁੱਖ, ਚੌਖੁਰ, ਪੰਛੀ ਥਲ ਪੁਰ, ਪਰ ਅਜੇਹੇ ਜਨੌਰ ਬਹੁਤ ਘੱਟ ਹਨ, ਜੋ ਡੱਡੂ ਵਾਕਰ ਜਲ ਦੇ ਥੱਲੇ ਅਤੇ ਥਲ ਦੇ ਉੱਪਰ ਚੰਗੀ ਤਰਾਂ ਜੀਉ ਸਕਣ। ਡੱਡੂ ਕੰਢੇ ਪੁਰ ਆਉਂਦਾ ਹੈ, ਜ਼ਿਮੀਂ ਭੋਂ ਪੁਰ ਟਪੂਸੀਆਂ ਮਾਰਦਾ ਫਿਰਦਾ ਹੈ, ਥੱਕਦਾ ਨਹੀਂ ਤੇ ਇੱਧਿਰ ਉਧਿਰ ਛਲਾਂਗਾਂ ਮਾਰਦਾ ਹੈ, ਪਾਣੀ ਵਿੱਚ ਜਾਂਦਾ ਹੈ, ਮ ਤਰਦਾ ਫਿਰਦਾ ਹੈ, ਜਦ ਚਾਹੁੰਦਾ ਹੈ, ਚੁੱਭੀ ਮਾਰ ਜਾਂਦਾ

ਹੈ, ਕਦੇ ਕਦੇ ਸਾਹ ਲੈਣ ਨੂੰ ਉੱਪਰ ਬੀ ਆ ਜਾਂਦਾ ਹੈ। ਤੁ
ਚਾਹੋ, ਕਿ ਸਾਹ ਨੂੰ ਰੋਕੇ ਰਹੀਏ, ਤਾਂ ਇੱਕ ਅੱਧ ਮਿਨਟ
ਵਧੀਕ ਨਾ ਰੋਕ ਸੱਕੋਗੇ, ਪਰ ਡੱਡੂ ਇੱਕ ਵਾਰ ਸਾਹ ਲੈਕੇ
ਚੁੱਭੀ ਮਾਰਦਾ ਹੈ, ਤਾਂ ਘੜੀਆਂ ਦੀ ਸਾਰ ਲਿਆਉਂਦਾ
ਜੌਂਕੀ ਪਾਣੀ ਦੇ ਅੰਦਰ ਬੈਠਾ ਰਿਹਦਾ ਹੈ॥

ਡੱਡੂ ਕੁਝ ਸੁੰਹਣਾ ਜਨੌਰ ਨਹੀਂ, ਮੋਟਾ ਅਤੇ ਬੇਸੁਰਾ ਸਰੀ
ਵੱਡਾ ਸਾਰਾ ਮੂੰਹ, ਨਿੱਕੀਆਂ ਨਿੱਕੀਆਂ ਦੰਦੀਆਂ, ਵੱਡੀਆਂ
ਆਂ ਟੱਡੀਆਂ ਹੋਈਆਂ ਅੱਖੀਆਂ, ਕੂਲੀ ਕੂਲੀ ਲਿਚਲਿਚੀ
ਚਿਪਚਿਪਾ ਅਤੇ ਠੰਢਾ ਅਜੇਹਾ, ਕਿ ਹੱਥ ਲਾਉਣ ਨੂੰ
ਨਹੀਂ ਕਰਦਾ। ਕੁਝ ਚਿਰ ਮਗਰੋਂ ਚੰਮ ਉੱਤਰ ਜਾ
ਹੇਠੋਂ ਹੋਰ ਨਵਾਂ ਚੰਮ ਨਿੱਕਲ ਆਉਂਦਾ ਹੈ। ਤੁਸੀਂ ਕਿ
ਨੂੰ ਤਰਦੇ ਦੇਖੋ ਉਸ ਦੇ ਕਰ-ਪੈਰ ਅਜੇਹੇ ਹਨ, ਕਿ ਜੇਹੇ
ਦੇ, ਤਰਨ ਵਿਖੇ ਬੀ ਉਸੇ ਤਰਾਂ ਲੱਤਾਂ ਬਾਂਹਾਂ ਮਾਰਦਾ ਹੈ
ਵਧਣ ਲਈ ਪਿਛਲਿਆਂ ਪੈਰਾਂ ਵਿਖੇ ਝਿੱਲੀ ਮੜੀ ਹੋ
ਹੈ, ਜਿਹਾਕਿ ਬੱਤਕ ਦਿਆਂ ਪੈਰਾਂ ਵਿੱਚ। ਇਸ ਦੀਆਂ
ਪੱਠੇ ਵਡੇ ਤਕੜੇ ਹਨ, ਤ੍ਰਿੱਖਾ ਅਜੇਹਾ ਹੈ, ਕਿ ਆਪ
ਵੀਹ ਗੁਣੀ ਉਚਾਈ ਤਕ ਭੁੜਕ ਜਾਂਦਾ ਹੈ, ਅਤੇ ਪੰਜਾ
ਲੰਮਾਈ ਟੱਪ ਸਕਦਾ ਹੈ॥

ਸਭਨਾਂ ਕੋਲੋਂ ਅਚਰਜ ਇਹ ਗੱਲ ਹੈ, ਕਿ ਉਹ ਡੱਡੂ ਦੀ ਸੂਰਤ ਵਿਖੇ ਨਹੀਂ ਜੰਮਦਾ, ਆਂਡੇ ਵਿੱਚੋਂ ਮੱਛੀ ਦੇ ਰੂਪ ਨਿੱਕਲਦਾ ਹੈ। ਡੱਡ ਆਂਡੇ ਦਿੰਦੀ ਹੈ, ਤਾਂ ਇੱਕ ਕੂਲੀ ਕੂਲੀ ਲੇਸਦਾਰ ਨਿਰਮਲ ਵਸਤੁ ਨਾਲ ਲਿਬੜੇ ਹੋਏ ਹੁੰਦੇ ਹਨ, ਪਾਣੀ ਦੀ ਤਹ ਵਿਖੇ ਕਿਤੇ ਰੱਖਕੇ ਚਲੀ ਜਾਂਦੀ ਹੈ। ਥੋੜ੍ਹਿਆਂ ਦਿਨਾਂ ਮਗਰੋਂ ਬੱਚੇ ਨਿੱਕਲ ਆਉਂਦੇ ਹਨ, ਪਰ ਉਨ੍ਹਾਂ ਦੀਆਂ ਲੱਤਾਂ ਨਹੀਂ ਹੁੰਦੀਆਂ। ਵੱਡਾ ਸਾਰਾ ਸਿਰ, ਪਤਲੀ ਜੇਹੀ ਪੂਛ ਪਰਤੀਤ ਹੁੰਦੀ ਹੈ, ਗਲਫੜਾ ਹੁੰਦਾ ਹੈ, ਜਿਸ ਨਾਲ ਸਾਹ ਲੈਂਦੇ ਹਨ, ਜਦ ਤਕ ਇਨ੍ਹਾਂ ਦੀ ਇਹ ਸੂਰਤ ਰੰਹਦੀ ਹੈ, ਜਲ ਵਿੱਚੋਂ ਨਹੀਂ ਨਿੱਕਲਦੇ, ਇਸ ਸੂਰਤ ਦੇ ਜਨੌਰ ਹਿੰਦੁਸਤਾਨ ਦੇ ਹਰ ਤਾਲ ਵਿੱਚ ਹੁੰਦੇ ਹਨ। ਪਾਣੀ ਦੇ ਕੰਢੇ ਪੁਰ ਬਹੁਤ ਵਾਰ ਦੇਖਿਆ ਹੋਇਗਾ, ਕਿ ਤੁਹਾਡੇ ਆਉਂਦੇ ਹੀ ਛੋਟੀਆਂ ਛੋਟੀਆਂ ਕਾਲੇ ਰੰਗ ਦੀਆਂ ਮੱਛੀਆਂ ਦਮਕ ਦਿਖਲਾ ਦਿਖਲਾਕੇ ਪਾਣੀ ਦੀ ਵੱਲ ਜਾਂਦੀਆਂ ਹਨ, ਓਹ ਅਸਲ ਵਿੱਚ ਡੱਡੂਆਂ ਦੇ ਬੱਚੇ ਹੁੰਦੇ ਹਨ। ਥੋੜ੍ਹਿਆਂ ਹੀ ਦਿਨਾਂ ਮਗਰੋਂ ਉਨ੍ਹਾਂ ਦੀ ਨੁਹਾਰ ਵੱਟਣ ਲੱਗਦੀ ਹੈ। ਪਹਲਾਂ ਤਾਂ ਉਨ੍ਹਾਂ ਦਾ ਧੜ ਮੋਟਾ ਹੁੰਦਾ ਜਾਂਦਾ ਹੈ, ਫੇਰ ਹੌਲੀ ਹੌਲੀ ਪਿਛਲੀਆਂ ਲੱਤਾਂ ਦਿੱਸਣ ਲੱਗ ਪੈਂਦੀਆਂ ਹਨ। ਹੱਥ ਚੰਮ ਦੇ ਹੇਠੋਂ ਬਣ ਜਾਂਦੇ ਹਨ। ਪਹਲੋ ਪਹਲ ਓਹ ਅਜੇਹੇ

ਹੈ, ਕਦੇ ਕਦੇ ਸਾਹ ਲੈਣ ਨੂੰ ਉੱਪਰ ਬੀ ਆ ਜਾਂਦਾ ਹੈ। ਤੁ
ਚਾਹੋ, ਕਿ ਸਾਹ ਨੂੰ ਰੋਕੇ ਰਹੀਏ, ਤਾਂ ਇੱਕ ਅੱਧ ਮਿਨਟ
ਵਧੀਕ ਨਾ ਰੋਕ ਸੱਕੋਗੇ, ਪਰ ਡੱਡੂ ਇੱਕ ਵਾਰ ਸਾਹ ਲੈਂ
ਚੁੱਭੀ ਮਾਰਦਾ ਹੈ, ਤਾਂ ਘੜੀਆਂ ਦੀ ਸਾਰ ਲਿਆਉਂਦਾ
ਜੋਂਕੀ ਪਾਣੀ ਦੇ ਅੰਦਰ ਬੈਠਾ ਰੰਹਦਾ ਹੈ॥

ਡੱਡੂ ਕੁਝ ਸੁਹਣਾ ਜਨੌਰ ਨਹੀਂ, ਮੋਟਾ ਅਤੇ ਬੇਸੁਰਾ ਸ
ਵੱਡਾ ਸਾਰਾ ਮੂੰਹ, ਨਿੱਕੀਆਂ ਨਿੱਕੀਆਂ ਦੰਦੀਆਂ, ਵੱਡੀਆਂ
ਆਂ ਟੱਡੀਆਂ ਹੋਈਆਂ ਅੱਖੀਆਂ, ਕੂਲੀ ਕੂਲੀ ਲਿਚਲਿਚੀ
ਚਿਪਚਿਪਾ ਅਤੇ ਠੰਢਾ ਅਜੇਹਾ, ਕਿ ਹੱਥ ਲਾਉਣ ਨੂੰ
ਨਹੀਂ ਕਰਦਾ। ਕੁਝ ਚਿਰ ਮਗਰੋਂ ਚੰਮ ਉੱਤਰ ਜਾ
ਹੇਠੋਂ ਹੋਰ ਨਵਾਂ ਚੰਮ ਨਿੱਕਲ ਆਉਂਦਾ ਹੈ। ਤੁਸੀਂ ਕਿ
ਨੂੰ ਤਰਦੇ ਦੇਖੋ ਉਸ ਦੇ ਕਰ-ਪੈਰ ਅਜੇਹੇ ਹਨ, ਕਿ ਜੇਹੇ
ਦੇ, ਤਰਨ ਵਿਖੇ ਬੀ ਉਸੇ ਤਰਾਂ ਲੱਤਾਂ ਬਾਂਹਾਂ ਮਾਰਦਾ ਹੈ
ਵਧਣ ਲਈ ਪਿਛਲਿਆਂ ਪੈਰਾਂ ਵਿਖੇ ਝਿੱਲੀ ਮੜ੍ਹੀ ਹੋ
ਹੈ, ਜਿਹਾਕਿ ਬੱਤਕ ਦਿਆਂ ਪੈਰਾਂ ਵਿੱਚ। ਇਸ ਦੀਆਂ
ਪੱਠੇ ਵਡੇ ਤਕੜੇ ਹਨ, ਤ੍ਰਿੱਖਾ ਅਜੇਹਾ ਹੈ, ਕਿ ਆਪ
ਵੀਹ ਗੁਣੀ ਉਚਾਈ ਤਕ ਭੁੜਕ ਜਾਂਦਾ ਹੈ, ਅਤੇ ਪੰਜਾ
ਲੰਮਾਈ ਟੱਪ ਸਕਦਾ ਹੈ॥

ਸਭਨਾਂ ਕੋਲੋਂ ਅਚਰਜ ਇਹ ਗੱਲ ਹੈ, ਕਿ ਉਹ ਡੱਡੂ ਦੀ
ਰਤ ਵਿਖੇ ਨਹੀਂ ਜੰਮਦਾ, ਅੰਡੇ ਵਿੱਚੋਂ ਮੱਛੀ ਦੇ ਰੂਪ ਨਿੱਕਲ-
ਾ ਹੈ। ਡੱਡ ਅੰਡੇ ਦਿੰਦੀ ਹੈ, ਤਾਂ ਇੱਕ ਕੂਲੀ ਕੂਲੀ ਲੇਸਦਾਰ
ਨਰਮਲ ਵਸਤੁ ਨਾਲ ਲਿਬੜੇ ਹੋਏ ਹੁੰਦੇ ਹਨ, ਪਾਣੀ ਦੀ ਤਹ
ਖੇ ਕਿਤੇ ਰੱਖਕੇ ਚਲੀ ਜਾਂਦੀ ਹੈ। ਥੋੜਿਆਂ ਦਿਨਾਂ ਮਗਰੋਂ
ਚੇ ਨਿੱਕਲ ਆਉਂਦੇ ਹਨ, ਪਰ ਉਨ੍ਹਾਂ ਦੀਆਂ ਲੱਤਾਂ ਨਹੀਂ
ਦੀਆਂ। ਵੱਡਾ ਸਾਰਾ ਸਿਰ, ਪਤਲੀ ਜੇਹੀ ਪੂਛ ਪਰਤੀਤ
ਦੀ ਹੈ, ਗਲਫੜਾ ਹੁੰਦਾ ਹੈ, ਜਿਸ ਨਾਲ ਸਾਹ ਲੈਂਦੇ ਹਨ,
ਦ ਤਕ ਇਨ੍ਹਾਂ ਦੀ ਇਹ ਸੂਰਤ ਰੈਂਹਦੀ ਹੈ, ਜਲ ਵਿੱਚੋਂ ਨਹੀਂ
ਨਿੱਕਲਦੇ, ਇਸ ਸੂਰਤ ਦੇ ਜਨੌਰ ਹਿੰਦੁਸਤਾਨ ਦੇ ਹਰ ਤਾਲ
ਵੱਚ ਹੁੰਦੇ ਹਨ। ਪਾਣੀ ਦੇ ਕੰਢੇ ਪੁਰ ਬਹੁਤ ਵਾਰ ਦੇਖਿਆ
ਇਗਾ, ਕਿ ਤੁਹਾਡੇ ਆਉਂਦੇ ਹੀ ਛੋਟੀਆਂ ਛੋਟੀਆਂ ਕਾਲੇ ਰੰਗ
ੀਆਂ ਮੱਛੀਆਂ ਦਮਕ ਦਿਖਲਾ ਦਿਖਲਾਕੇ ਪਾਣੀ ਦੀ ਵੱਲ
ਾਂਦੀਆਂ ਹਨ, ਓਹ ਅਸਲ ਵਿੱਚ ਡੱਡੂਆਂ ਦੇ ਬੱਚੇ ਹੁੰਦੇ ਹਨ।
ੜਿਆਂ ਹੀ ਦਿਨਾਂ ਮਗਰੋਂ ਉਨ੍ਹਾਂ ਦੀ ਨੁਹਾਰ ਵੱਟਣ ਲੱਗਦੀ
। ਪਹਲਾਂ ਤਾਂ ਉਨ੍ਹਾਂ ਦਾ ਧੜ ਮੋਟਾ ਹੁੰਦਾ ਜਾਂਦਾ ਹੈ, ਫੇਰ ਹੌਲੀ
ਲੀ ਪਿਛਲੀਆਂ ਲੱਤਾਂ ਦਿੱਸਣ ਲੱਗ ਪੈਂਦੀਆਂ ਹਨ। ਹੱਥ
ਮ ਦੇ ਹੇਠੋਂ ਬਣ ਜਾਂਦੇ ਹਨ। ਪਹਲੋ ਪਹਲ ਓਹ ਅਜੇਹੇ

ਹੁੰਦੇ ਹਨ, ਕਿ ਡੱਡੂ ਉਨ੍ਹਾਂ ਨੂੰ ਬਾਹਰ ਕੱਢ ਸਕਦਾ ਹੈ, ਅ
ਅੰਦਰ ਵਾੜ ਸਕਦਾ ਹੈ। ਜਦ ਅੱਠਾਂ ਸਾਤਿਆਂ ਦੇ ਹੁੰਦੇ ਹ
ਤਾਂ ਚੰਗੇ ਡੱਡੂ ਬਣ ਜਾਂਦੇ ਹਨ, ਪੂਛ ਘਟਦੀ ਘਟਦੀ ਮੁ
ਲੋਪ ਹੋ ਜਾਂਦੀ ਹੈ, ਹੁਣ ਗਲਫੜੇ ਦੀ ਥਾਂ ਫੇਫੜਾ ਹੁੰਦਾ
ਡੱਡੂ ਉਸੇ ਨਾਲ ਸਾਹ ਲੈਂਦਾ ਹੈ, ਧਰਤੀ ਪੁਰ ਜਾਂਦਾ ਹੈ, ਇਧਿ
ਉਧਿਰ ਟਪੂਸੀਆਂ ਮਾਰਦਾ ਫਿਰਦਾ ਹੈ ॥

ਬਰਸਾਤ ਆਉਂਦੀ ਹੈ, ਤਾਂ ਡੱਡੂਆਂ ਦਾ * ਗੁੜਕਣਾ ਤੁ
ਬੀ ਸੁਣਦੇ ਹੋਓਗੇ। ਜਾਣਦੇ ਹੋ, ਏਹ ਕਿੱਥੋਂ ਆਉਂਦੇ ਹਨ
ਡੱਡੂਆਂ ਨੂੰ ਪਾਣੀ ਦੀ ਬਹੁਤਾਇਤ ਅਤੇ ਵਿਲ੍ਹੀ ਵਾਉ ਅ
ਭਾਉਂਦੀ ਹੈ, ਸਰਦੀ ਯਾ ਗਰਮੀ ਬਹੁਤ ਹੋਇ ਤਾਂ ਓਹ ਕ
ਤਾਲ ਦੇ ਥੱਲੇ ਦੀ ਮਿੱਟੀ ਵਿੱਚ, ਕਦੇ ਨਾਲਿਆਂ ਅਤੇ ਕੂਹਲ
ਦਿਆਂ ਕੰਢਿਆਂ ਦੀਆਂ ਰੁੱਢਾਂ ਵਿਖੇ ਇਸ ਪ੍ਰਕਾਰ ਰੰਹਦੇ ਹਨ
ਕਿ ਜਿੰਉ ਕੋਈ ਸੁੱਤਾ ਪਿਆ ਹੁੰਦਾ ਹੈ। ਬਰਸਾਤ ਆਉਂਦੀ ਹੈ
ਘੋਰ ਨੀਂਦਰ ਤੇ ਜਾਗ ਉਠਦੇ ਹਨ ॥

ਡੱਡੂ ਭਾਂਤ ਭਾਂਤ ਦੇ ਕਿਰਮ ਅਤੇ ਕੀੜੇ ਖਾ ਜਾਂਦੇ ਹਨ
ਇਸ ਦੇਸ ਵਿਖੇ ਬਹੁਤੇਰੇ ਡੱਡੂ ਮੱਛਰਾਂ ਦਾ ਸ਼ਿਕਾਰ ਕਰ
ਲਈ ਘਰਾਂ ਵਿੱਚ ਚਲੇ ਆਉਂਦੇ ਹਨ। ਸੱਚ ਪੁੱਛੋ ਤਾਂ ਇ

* ਅਵਾਜ

ਤੇਮਾਂ ਲਈ ਡੱਡੂ ਵਡੇ ਚੰਗੇ ਹਨ, ਪਰ ਆਪ ਬੀ ਸੱਪਾਂ ਦਾ ਸੁਆਦਦਾਰ ਭੋਜਨ ਹਨ। ਜਾਂ ਘਰਾਂ ਵਿਖੇ ਬਹੁਤ ਡੱਡੂ ਫਿਰਦੇ ਹਨ, ਤਾਂ ਵਡਾ ਧਜਾਨ ਰੱਖਣਾ ਚਾਹੀਦਾ ਹੈ, ਕਿ ਕਿਤੇ ਸੱਪ ਇਧਿਰ ਉਧਿਰ ਨਾ ਹੋਣ। ਹਿੰਦੁਸਤਾਨ ਵਿਖੇ ਵੱਡੇ ਵੱਡੇ ਡੱਡੂ ਰਾਤ ਦੇ ਵੇਲੇ ਵਡਾ ਔਖਾ ਕਰਦੇ ਹਨ, ਘੰਟਿਆਂ ਤਕ ਮਿਲ ਮਿਲਕੇ ਅੜਾਉਂਦੇ ਹਨ, ਅਜੇਹਾ ਰੌਲਾ ਪਾਉਂਦੇ ਹਨ, ਕਿ ਸੌਣ ਨਹੀਂ ਦੇਂਦੇ॥

ਕਈਆਂ ਦੇਸਾਂ ਵਿਖੇ ਇੱਕ ਕਿਸੇ ਪ੍ਰਕਾਰ ਦਾ ਡੱਡੂ ਹੁੰਦਾ ਹੈ, ਉੱਥੇ ਦੇ ਲੋਕ ਉਸ ਦੀਆਂ ਲੱਤਾਂ ਰਿੰਨ੍ਹਦੇ ਹਨ, ਅਤੇ ਵਡੇ ਸੁਆਦ ਨਾਲ ਖਾਂਦੇ ਹਨ॥

ਡੱਡੂਆਂ ਤੇ ਛੁੱਟ ਕਈ ਹੋਰ ਬੀ ਜਨੌਰ ਹਨ, ਜੋ ਸੂਰਤ ਨਟਦੇ ਹਨ, ਉਨ੍ਹਾਂ ਦੇ ਗਲਫੜੇ ਬਚਪੁਣੇ ਵਿੱਚ ਹੁੰਦੇ ਹਨ, ੜੇ ਹੁੰਦੇ ਹਨ, ਤਾਂ ਕਈਆਂ ਦੇ ਲੋਪ ਹੋ ਜਾਂਦੇ ਹਨ, ਕਈਆਂ ਰਹ ਜਾਂਦੇ ਹਨ, ਪਰ ਫੇਫੜਾ ਸਬਨਾਂ ਵਿੱਚ ਬਣ ਜਾਂਦਾ ਹੈ॥

## ਸਰਪ॥

ਸੁਚੇਤ ਰਹਣਾ! ਇਸ ਲੰਮੇ ਲੰਮੇ ਘਾ ਵਿਖੇ ਨੰਗੀ ਪੈਰੀਂ ਨਾ ਜਾਣਾ, ਅਜੇਹਾ ਨਾ ਹੋਇ, ਕਿ ਕਿਸੇ ਸੱਪ ਪੁਰ ਪੈਰ ਆ

ਜਾਏ। ਇਹ ਸੱਚ ਹੈ, ਕਿ ਸਾਰੇ ਸੱਪ ਬਿਖਭਰੇ ਨਹੀਂ, ਪ
ਹਿੰਦੁਸਤਾਨ ਵਿਖੇ ਬਹੁਤ ਹੁੰਦੇ ਹਨ, ਹਰ ਪ੍ਰਕਾਰ ਚੌਕਸ ਰਹ
ਚਾਹੀਏ। ਇਸ ਦੇ ਛੋਟੇ ਹੋਣ ਪੁਰ ਨਾ ਜਾਓ, ਇਹ ਵਡਾ ਦੁ
ਦਾਈ ਹੈ, ਕਾਲੇ ਨਾਗ ਦਾ ਡਸਿਆ ਬਾਹਲਾ ਅੱਧੇ ਘੰਟੇ ਵਿ
ਹੀ ਮਰ ਜਾਂਦਾ ਹੈ॥

ਸੱਪ ਨੂੰ ਜਾਂ ਛੇੜੀਏ, ਤਾਂ ਕਾਲੀ ਲੰਮੀ ਪਤਲੀ ਜਿਹੀ
ਝਾੜੀ ਜੀਭ ਅਜੇਹੀ ਛੇਤੀ ਛੇਤੀ ਕੱਢਦਾ ਹੈ, ਅਤੇ ਅੰਦਰ ਵ
ਲੈਂਦਾ ਹੈ, ਜਾਣੋ ਇਹੋ ਪਰਤੀਤ ਹੁੰਦਾ ਹੈ, ਜੋ ਇਸ ਦੇ ਮੂ
ਵਿਖੇ ਕਈ ਜੀਭਾਂ ਹਨ। ਸਾਰਿਆਂ ਸੱਪਾਂ ਦੇ ਨਿੱਕੇ ਨਿੱਕੇ
ਹੁੰਦੇ ਹਨ, ਪਰ ਬਿਖਭਰਿਆਂ ਦੀਆਂ ਤ੍ਰਿੱਖੀਆਂ ਦੋ ਪੋਲੀ
ਦਾੜ੍ਹਾਂ ਬੀ ਉੱਪਰਲੇ ਮਸੂੜੇ ਵਿਖੇ ਹੁੰਦੀਆਂ ਹਨ, ਏਹ ਪਿੱਛੇ
ਮੁੜੀਆਂ ਰੈਂਹਦੀਆਂ ਹਨ, ਵੱਢਦੇ ਹਨ, ਤਾਂ ਸਿੱਧੀਆਂ ਹੋ ਜਾਂਦ
ਆਂ ਹਨ। ਕਾਲਿਆਂ ਸੱਪਾਂ ਅਤੇ ਕਈਆਂ ਹੋਰਨਾਂ ਤਰਾਂ ਦਿ
ਸੱਪਾਂ ਦੇ ਦੋ ਪੋਲੀਆਂ ਦਾੜ੍ਹਾਂ ਤਾਂ ਹੁੰਦੀਆਂ ਹਨ, ਪਰ ਹਿੱਲ ਜੁ
ਨਹੀਂ ਸੱਕਦੀਆਂ। ਤਾਲੂ ਤੇ ਉੱਪਰ ਅਤੇ ਦਾੜ੍ਹਾਂ ਤੇ ਕੁਝ ਪਿ
ਦੋ ਛੋਟੀਆਂ ਜੇਹੀਆਂ ਥੈਲੀਆਂ ਹਨ, ਵੱਢਦਾ ਹੈ ਤਾਂ ਥੈਲੀ
ਵਿੱਚੋਂ ਬਿਖ ਵਗਕੇ ਦਾੜ੍ਹਾਂ ਵਿੱਚ ਆ ਜਾਂਦਾ ਹੈ, ਉਨ੍ਹਾਂ ਵਿ
ਘਾਉ ਵਿਖੇ ਜਾ ਪੈਂਦਾ ਹੈ। ਗਰਮ ਦੇਸਾਂ ਦੇ ਸੱਪ ਠੰਡਿਆਂ ਦੇ

ਮਾਂ ਸੱਪਾਂ ਕੋਲੋਂ ਵਧੀਕ ਬਿਖ ਵਾਲੇ ਹੁੰਦੇ ਹਨ। ਅਤੇ ਹਿੰਦੁ-
ਾਨ ਦੇ ਬਿਖਭਰੇ ਸੱਪ ਸਿਆਲ ਕੋਲੋਂ ਉਨ੍ਹਾਲ ਵਿਖੇ ਡਾਢੀ
ਠਾ ਹੋ ਜਾਂਦੇ ਹਨ। ਸੱਪ ਇੱਕ ਸੁਸਤ ਜਨੌਰ ਹੈ, ਜਦ ਤਕ
ਨੂੰ ਕੋਈ ਨਾ ਛੇੜੇ, ਯਾ ਅਚਾਣਕ ਉਸ ਪੁਰ ਪੈਰ ਨਾ ਆ
ਏ, ਘੱਟ ਵੱਢਦਾ ਹੈ। ਇਨ੍ਹਾਂ ਦੀ *ਪਸੁਬ੍ਰਿਤਿ ਨੇ ਪਹਲੋਂ
ਹੀ ਦੱਸਿਆ ਹੈ, ਕਿ ਨੱਸ ਜਾਣਾ ਬਹੁਤ ਚੰਗਾ ਹੈ। ਇਹ
ਨੁੱਖ ਦੇ ਚੰਗੇ ਭਾਗ ਹਨ, ਕਿਉਂਕਿ ਜੇਹਾ ਉਹ ਬਿਖਵਾਲਾ
ਾ ਹੈ, ਤੇਹਾ ਹੀ ਦਲੇਰ ਅਤੇ ਤ੍ਰਿੱਖਾ ਹੁੰਦਾ, ਤਾਂ ਵਡਾ ਹੀ ਭਾਰਾ
ਹੀ ਸਾ॥

ਇਸ ਦੇਸ ਵਿਖੇ ਇੱਕ ਅਜੇਹੀ ਜਾਤਿ ਹੈ, ਜੋ ਕੰਹਦੇ ਹਨ,
ਅਸੀਂ ਸੱਪਾਂ ਦੇ ਮੰਤ੍ਰ ਜਾਣਦੇ ਹਾਂ, ਓਹ ਪ੍ਰਤਿਗਜਾ ਕਰਦੇ
ਨ, ਕਿ ਮੰਤ੍ਰਾਂ ਦੇ ਬਲ ਨਾਲ ਅਸੀਂ ਬਿਖਵਾਲਿਆਂ ਸੱਪਾਂ
ਵਰਮੀਆਂ ਵਿੱਚੋਂ ਕੱਢ ਲੈਂਦੇ ਹਾਂ, ਉਨ੍ਹਾਂ ਨੂੰ ਛੇੜਦੇ ਹਾਂ,
ਾਂ ਨਾਲ ਖੇਲਦੇ ਹਾਂ, ਉਹ ਰਤੀ ਨਹੀਂ ਵੱਢਦੇ। ਸੱਚ ਤਾਂ
ਹ ਹੈ, ਕਿ ਜਿਨ੍ਹਾਂ ਸੱਪਾਂ ਨਾਲ ਏਹ ਖੇਲਦੇ ਹਨ, ਓਹ
ੜੇ ਹੋਏ ਹੁੰਦੇ ਹਨ, ਉਨ੍ਹਾਂ ਦੀਆਂ ਬਿਖ ਭਰੀਆਂ ਦਾੜ੍ਹਾਂ
ੜ ਸਿੱਟਦੇ ਹਨ, ਇਸ ਲਈ ਕੁਝ ਵਿਗਾੜ ਨਹੀਂ
ਰ ਸਕਦੇ॥

---

*ਪਸੂਆਂ ਦੀ ਬੁਧਿ

ਸੱਪ ਦੀ ਪਿੱਠ ਦੀ ਹੱਡੀ ਅਚਰਜ ਬਣਾਉਟ ਦੀ ਹੈ, ਸਾਰੇ ਜੋ
ਆਪੋ ਵਿੱਚ ਇਸ ਪ੍ਰਕਾਰ ਮਿਲੇ ਹੋਏ ਹਨ, ਕਿ ਸੱਪ ਕੁੰਡਲ
ਮਾਰ ਸਕਦਾ ਹੈ, ਜਿਧਿਰ ਚਾਹੁੰਦਾ ਹੈ, ਮੁੜ ਜਾਂਦਾ ਹੈ। ਇ
ਦੇ ਪੈਰ ਨਹੀਂ ਹੁੰਦੇ, ਬਹੁਤ ਸਾਰੀਆਂ ਪਸਲੀਆਂ ਹਨ,
ਪਿੱਠ ਦੀ ਹੱਡੀ ਵਿੱਚ ਜੜੀਆਂ ਹੋਈਆਂ ਹਨ, ਉਨ੍ਹਾਂ ਦੀ ਲਗ
ਨਾਲ ਟੁਰਦਾ ਹੈ, ਉਨ੍ਹਾਂ ਨੂੰ ਭੋਂ ਪੁਰ ਟੇਕਕੇ ਅੱਗੇ ਵਧਦਾ
ਬਹੁਤ ੜਿੱਖਾ ਬੀ ਚਲ ਸਕਦਾ ਹੈ। ਸੱਪ ਨੂੰ ਆਪਣੇ ਪਿ
ਦਿਆਂ *ਚਾਹਣਿਆਂ ਕੋਲੋਂ ਬੀ ਚੱਲਣ ਵਿਖੇ ਸਹਾਇਤਾ ਮਿਲ
ਹੈ, ਜਾਂ ਚਾਹੁੰਦਾ ਹੈ, ਪਿੰਡੇ ਪੁਹ ਖੜੇ ਹੋ ਜਾਂਦੇ ਹਨ, ਉ
ਨਾਲ ਭੋਂ ਨੂੰ ਪਕੜ ਲੈਂਦਾ ਹੈ। ਕਈ ਸੱਪ ਸੁਹਣੇ ਰੰਗ
ਹੁੰਦੇ ਹਨ, ਉਨ੍ਹਾਂ ਵਿੱਚੋਂ ਬਹੁਤ ਦੁਖਦਾਈ ਨਹੀਂ ਹੁੰਦੇ। ਸ
ਥੋੜੇ ਚਿਰ ਮਗਰੋਂ ਆਪਣੀ ਕੁੰਜ ਲਾਹ ਦਿੰਦੇ ਹਨ, ਉਸ
ਕੇਂਹਦੇ ਹਨ, ਕਿ ਸੱਪ ਨੇ ਕੁੰਜ ਵਟਾ ਲਈ। ਜਦ ਉਸ ਪੁ
ਕੁੰਜ ਹੁੰਦੀ ਹੈ, ਤਾਂ ਬਹੁਤ ਸੁਸਤ ਹੁੰਦਾ ਹੈ, ਦਿਖਾਈ ਬੀ ਘ
ਦਿੰਦਾ ਹੈ। ਇਸ ਦੇ ਹੇਠਲਾ ਚੰਮ ਨਿੱਗਰ ਹੋ ਜਾਂਦਾ ਹੈ,
ਪੁਰਾਣੇ ਚੰਮ ਨੂੰ ਗਰਦਣ ਕੋਲੋਂ ਪਾੜਕੇ ਨਿੱਕਲ ਆਉਂਦਾ
ਇਸ ਵੇਲੇ ਬਾਹਲਾ ਝਾੜੀਆਂ ਵਿਚੋਂ ਹੋਕੇ ਨਿੱਕਲਦਾ ਹੈ, ਤ
ਕੁੰਜ ਨੂੰ ਉਨ੍ਹਾਂ ਨਾਲ ਪਿਲਚਾਕੇ ਚਲਿਆ ਆਉਂਦਾ ਹੈ। ਤ

---

* ਛਿਲਕਿਆਂ

ਨੇਤ੍ਰ ਤ੍ਰਿੱਖੇ ਅਤੇ ਨਗੀਨੇ ਵਾਕਰ ਚਮਕਦੇ ਹਨ, ਛੱਪਰਾਂ ਦੀ
ਾਂ ਸਾਰੀ ਅੱਖ ਪੁਰ ਇੱਕ ਪਤਲਾ ਜਿਹਾ ਸਾਫ ਨਿਰਮਲ
ੜਦਾ ਤਣਿਆਦਾ ਹੈ, ਇਸੇ ਕਾਰਣ ਨੇਤ੍ਰ ਝਮਕਦੇ ਨਹੀਂ,
ਦਾ ਘੂਰਦੇ ਹੋਏ ਦਿੱਸਦੇ ਹਨ। ਪੰਛੀ ਅਤੇ ਨਿੱਕੇ ਨਿੱਕੇ ਜਨੌਰ
ਪਾਂ ਦਾ ਭੋਜਨ ਹਨ, ਕੰਹਦੇ ਹਨ, ਕਿ ਇਨ੍ਹਾਂ ਜੰਮੀਆਂ ਹੋਈਆਂ
ੱਖਾਂ ਦੇ ਸਾਮ੍ਹਣਿਓਂ ਓਹ ਹਿੱਲ ਨਹੀਂ ਸਕਦੇ, ਛਿੱਥੇ ਹੁੰਦੇ ਹਨ,
ੱਥੇ ਸੁੰਨ ਰਹ ਜਾਂਦੇ ਹਨ, ਇਹ ਉਨ੍ਹਾਂ ਨੂੰ ਝੱਟ ਫੜ ਲੈਂਦਾ ਹੈ।
ਪ ਮੂੰਹ ਨੂੰ ਚੰਗੀ ਤਰਾਂ *ਬਾਕ ਸਕਦਾ ਹੈ, ਇਸ ਦਾ ਚੰਮ ਅਜੇ-
ਫੈਲ ਜਾਂਦਾ ਹੈ, ਕਿ ਜੋ ਜਨੌਰ ਇਸ ਕੋਲੋਂ ਬੀ ਮੋਟੇ ਹਨ,
ਨ੍ਹਾਂ ਨੂੰ ਨਿਗਲ ਜਾਂਦਾ ਹੈ, ਇਹ ਆਪਣੇ ਸ਼ਿਕਾਰ ਨੂੰ ਸਦਾ
ਰੇ ਦਾ ਸਾਰਾ ਲੰਘਾ ਜਾਂਦਾ ਹੈ। ਇੱਕ ਡੰਗ ਦਾ ਭੋਜਨ ਕੀਤਾ
ਇਆ ਕਈਆਂ ਦਿਨਾਂ, ਯਾ ਕਈਆਂ ਸ਼ਾਤਿਆਂ ਲਈ ਬਹੁਤ
ਦਾ ਹੈ, ਪਾਣੀ ਦੀ ਤਾਂ ਇਸਨੂੰ ਲੋੜ ਹੀ ਨਹੀਂ। ਬਹੁਤੀਆਂ
ਾਰਾਂ ਦੀਆਂ ਸੱਪਣੀਆਂ ਗਰਮ ਥਾਂ ਆਂਡੇ ਦੇਕੇ ਚਲੀਆਂ
ਦੀਆਂ ਹਨ, ਗਰਮੀ ਨਾਲ ਬੱਚੇ ਨਿੱਕਲ ਆਉਂਦੇ ਹਨ,
ਈਆਂ ਸੱਪਣੀਆਂ ਵਿੱਚ, ਵਧੇਰੇ ਬਿਖਵਾਲੀਆਂ ਵਿੱਚ ਇਹ
ੱਲ ਦੇਖੀ ਜਾਂਦੀ ਹੈ, ਕਿ ਬੱਚੇ ਢਿੱਡ ਦੇ ਅੰਦਰ ਹੀ ਆਂਡਿਆਂ
ੱਚੋਂ ਨਿੱਕਲ ਆਉਂਦੇ ਹਨ ॥

---

*ਫੈਲਾ

# ਬਿਰਛਾਂ ਦਾ ਵਰਣਨ ॥

## ਖੱਜੀ ॥

ਹਿੰਦੁਸਤਾਨ ਦਿਆਂ ਸੁੱਕਿਆਂ ਰੇਤਲਿਆਂ ਅਤੇ ਕਾਲ੍ਹ ਥਾਵਾਂ ਵਿਖੇ ਏਹ ਰੁੱਖ ਬਹੁਤ ਮਿਲਦੇ ਹਨ। ਅਜੇਹੀਆਂ ਥਾ ਵਿਖੇ ਛੇਤੀ ਵਧਦੇ ਹਨ, ਅਤੇ ਉੱਥੇ ਬੀ ਫੁੱਲਦੇ ਫਲਦੇ ਹ ਜਿੱਥੇ ਹੋਰ ਬੂਟੇ ਔਖੇ ਰਹ ਸਕਦੇ ਹਨ, ਪਰ ਕੁਝ ਨਾ ਕੁ ਸਿੱਲ ਦਾ ਹੋਣਾ ਜਰੂਰ ਹੈ। ਇਹ ਬਿਰਛ ਬਹੁਤਿਆਂ ਬਿਰ ਕੋਲੋਂ ਸੂਰਤ ਵਿੱਚ ਵੱਖਰਾ ਹੀ ਹੁੰਦਾ ਹੈ। ਇਸ ਦੀਆਂ ਟਾਹਣੀ ਆਂ ਨਹੀਂ ਹੁੰਦੀਆਂ, ਧਰਤੀ ਵਿੱਚੋਂ ਸਿੱਧਾ ਨਿੱਕਲਦਾ ਹੈ। ਕ ਖੱਜੀਆਂ ਤੀਹ ਚਾਲ਼ੀ ਗਜ ਉੱਚੀਆਂ ਹੁੰਦੀਆਂ ਹਨ। ਇ ਲੰਮੇ ਅਤੇ ਪਤਲੇ ਜੇਹੇ ਥੰਮ ਦੇ ਉੱਪਰ ਅੱਠ ਨੌ ਫੀਟ ਲੰਮਿ ਪੱਤਿਆਂ ਦਾ ਗੁੱਛਾ ਹੁੰਦਾ ਹੈ, ਇਹ ਛਤਰੀ ਵਾਕਰ ਚੁ ਫੈਲਰ ਜਾਂਦਾ ਹੈ। ਖੱਜੀ ਇੱਕ ਨਿੱਕਾ ਜਿਹਾ ਫਲ ਹੈ, ਅਤਿ ਮਿੱਠਾ ਅਤੇ ਸੁਆਦ। ਇਹਦੇ ਵਿੱਚੋਂ ਇੱਕ ਨਿ ਲੰਮੀ ਗਿਟਕ ਨਿੱਕਲਦੀ ਹੈ, ਉਹ ਚੀਰਵੀਂ ਹੁੰਦੀ ਹੈ, ਕਣਕ, ਇਹੋ ਖਜੂਰ ਦਾ ਬੀਉ ਹੈ ॥

ਇਹ ਬਿਰਛ ਬਹੁਤ ਕੰਮ ਆਉਂਦਾ ਹੈ, ਇਸ ਦਿਆਂ ਬਾਹ-ਲਿਆਂ ਅੰਸਾਂ ਤੇ ਕੁਝ ਨਾ ਕੁਝ ਕੰਮ ਨਿੱਕਲਦਾ ਹੈ, ਲੱਕੜ ਲੀ ਅਤੇ ਘੱਟ ਮੁੱਲ ਦੀ ਹੁੰਦੀ ਹੈ, ਬਾਹਲੀ ਫੂਕਣ ਦੇ ਹੀ ਮ ਆਉਂਦੀ ਹੈ, ਪਿੰਡਾਂ ਵਿਖੇ ਕੱਚਿਆਂ ਘਰਾਂ ਪੁਰ ਇਸ ਆਂ ਸ਼ਤੀਰੀਆਂ ਬੀ ਪਾਉਂਦੇ ਹਨ, ਪੱਤਰਾਂ ਦੀਆਂ ਸਫਾਂ ਅਤੇ ਬੀ ਪੱਖੇ ਬਣਦੇ ਹਨ, ਅਤੇ ਡੰਡਲਾਂ ਦੇ ਪਲਾਣੇ, ਪੱਤਿਆਂ ਆਂ ਤਾਰਾਂ ਟੋਕਰੀਆਂ ਅਤੇ ਗੂਣਾਂ ਬੁਣਨ ਦੇ ਕੰਮ ਆਉਂ-ਦੀਆਂ ਹਨ, ਰੱਸੀਆਂ ਬੀ ਉਨ੍ਹਾਂ ਦੀਆਂ ਵੱਟਦੇ ਹਨ। ਹਿੰਦੁਸ-ਤਾਨ ਵਿਖੇ ਬਹੁਤੀ ਥਾਈਂ ਇਸ ਦਿਆਂ ਨਿੱਕਿਆਂ ਨਿੱਕਿਆਂ ਵਚਲਿਆਂ ਪੱਤਿਆਂ ਨੂੰ ਫੈਲਣ ਤੇ ਮੁਹਰੇ ਤੋੜ ਲੈਂਦੇ ਹਨ, ਏਨ੍ਹਾਂ ਦਾ ਸਾਗ ਰਿੰਨ੍ਹਕੇ ਖਾਂਦੇ ਹਨ। ਕਈ ਥਾਈਂ ਖੱਜੀ ਦਾ ਰ ਐਉਂ ਕੱਢਦੇ ਹਨ; ਬਾਹਰਲਾ ਸੱਕ ਵੱਡਕੇ ਹੇਠਾਂ ਭਾਂਡਾ ਮਕਾ ਦਿੰਦੇ ਹਨ, ਰਸ ਵਗਕੇ ਉਸ ਵਿੱਚ ਆ ਜਾਂਦਾ ਹੈ, ਸ ਨੂੰ ਸੇਂਧੀ ਸੱਦਦੇ ਹਨ, ਇਸ ਪ੍ਰਕਾਰ ਨਿਰਾ ਇੱਕ ਬਿਰਛ ਰੋ ਢਾਈ ਮਣ ਰਸ ਸਾਲ ਭਰ ਵਿੱਚ ਜੁੜ ਸਕਦਾ ਹੈ। ਇਸ ਦਾ ਰਸ ਜੋ ਮਿੱਠਾ ਅਤੇ ਮਨਭਾਉਂਦਾ ਹੁੰਦਾ ਹੈ, ਯਾ ਤਾਂ ਸੱਜਰਾ ਹੀ ਸੱਜਰਾ ਪੀ ਲੈਂਦੇ ਹਨ, ਯਾ *ਸੁਰਾ ਬਣਾਕੇ। ਕਦੇ ਰਿੰਨ੍ਹਕੇ ਉਸ ਦੀ ਰਾਬ ਬਣਾਉਂਦੇ ਹਨ, ਫੇਰ ਰਾਬ ਤੇ ਇੱਕ ਪ੍ਰਕਾਰ

---

*ਸ਼ਰਾਬ

ਦੀ ਸੱਕਰ ਬਣਾਉਂਦੇ ਹਨ। ਇਸ ਬਿਰਛ ਦਾ ਵਧੇਰੇ *ਅਰ
ਫਲ ਕਰਕੇ ਹੈ। ਅਰਬ ਅਤੇ ਰੇਤਲਿਆਂ ਦੇਸਾਂ ਦੇ ਵਸਕ
ਬਾਹਲਾ ਇਨ੍ਹਾਂ ਖਜੂਰਾਂ ਪੁਰ ਆਪਣਾ ਨਿਰਬਾਹ ਕਰਦੇ ਹ
ਦੋ ਤੁਰਾਂ ਨਾਲ ਖਾਂਦੇ ਹਨ, ਯਾ ਤਾਂ ਰੁੱਖ ਨਾਲੋਂ ਤੋੜਕੇ ਸੱਜ
ਆਂ ਸੱਜਰੀਆਂ, ਯਾ ਧੁੱਪ ਵਿਖੇ ਸੁਕਾਕੇ॥

# ਤੂਤ ਦਾ ਰੁੱਖ॥

ਉਨ੍ਹਾਲ ਚੜ੍ਹਦਿਆਂ ਇਸ ਦੀਆਂ ਸਾਵੀਆਂ ਕਚੂਰ ਪੱ
ਦੀ ਛਾਉਂ ਕੇਹੀ ਚੰਗੀ ਪਰਤੀਤ ਹੁੰਦੀ ਹੈ, ਸਰਦੀ ਵਿਖੇ
ਝੜ ਪੈਂਦੇ ਹਨ, ਨੰਗੀਆਂ ਨੰਗੀਆਂ ਟਾਹਣੀਆਂ ਰਹ
ਆਂ ਹਨ ਉਨ੍ਹਾਂ ਦਾ ਰੰਗ ਹੁਣ ਅਜੇਹਾ ਦਿੱਸਦਾ ਹੈ, ਜਾਣੋ ਕਿ
ਮਲੀ ਹੋਈ ਹੈ, ਬਸੰਤ ਆਉਂਦੀ ਹੈ, ਸਾਵੀਆਂ ਸਾਵੀਆਂ
ਵਾਲੀਆਂ ਕੂਮਲੀਆਂ ਨਿੱਕਲਦੀਆਂ ਹਨ, ਉਨ੍ਹਾਂ ਦਾ ਰੰਗ
ਵਿਖੇ ਖੁੱਭਿਆ ਜਾਂਦਾ ਹੈ, ਥੋੜਿਆਂ ਦਿਨਾਂ ਮਗਰੋਂ ਬਿਰਛ
ਹਾ ਹਰਿਆ ਭਰਿਆ ਹੋ ਜਾਂਦਾ ਹੈ, ਕਿ ਪੱਤੇ ਹੀ ਪੱਤੇ
ਹਨ॥

ਇਸ ਦੇ ਪੱਤਰ ਨੋਕਾਂਵਾਲੇ ਅਤੇ ਵੱਡੇ ਵੱਡੇ ਹੁੰਦੇ ਹਨ,

---

*ਕਦਰ

ਸਾਫ਼, ਹੇਠੋਂ ਕੁਝ ਕੁਝ ਖੌਹਰੇ ਹੁੰਦੇ ਹਨ, ਦੰਦਿਆਂਵਾਲੇ ਕੰਢੇ, ਪਰ ਬਾਹਲੇ ਸੂਰਤ ਵਿਖੇ ਇੱਕ ਦੂਜੇ ਨਾਲ ਮਿਲਦੇ ਜੁਲਦੇ ਨਹੀਂ। ਏਹ ਵਡੇ ਕੰਮ ਆਉਂਦੇ ਹਨ, ਪੱਟ ਦਿਆਂ ਕੀੜਿਆਂ ਨੂੰ ਏਹ ਬਹੁਤ ਭਾਉਂਦੇ ਹਨ। ਪੱਟ ਦਾ ਕੀੜਾ ਉਨ੍ਹਾਂ ਕੀੜਿਆਂ ਵਿੱਚੋਂ ਹੈ, ਜੋ ਤ੍ਰੈ ਸੂਰਤਾਂ ਵਟਾਉਂਦੇ ਹਨ, ਪਹਲੀ ਸੂਰਤ ਵਿਖੇ ਏਹ ਪੱਤੇ ਖਾਂਦੇ ਹਨ, ਅਤੇ ਪੂਰੇ ਡੀਲ ਡਾਲ ਦੇ ਹੋਕੇ ਪੱਟ ਦੀ ਟੂੱਟੀ ਅਰਥਾਤ ਖੋਲ ਆਪਣੇ ਉੱਪਰ ਬਣਾਉਂਦੇ ਹਨ, ਦੂਜੀ ਸੂਰਤ ਵਿਖੇ ਟੂੱਟੀ ਦੇ ਅੰਦਰ ਪਏ ਰੈਂਹਦੇ ਹਨ, ਇਨ੍ਹਾਂ ਗੱਲਾਂ ਦਾ ਬੇਰਵਾ ਅਗਲੀ ਪੁਸਤਕ ਵਿਖੇ ਆਇਗਾ। ਤੀਜੀ ਸੂਰਤ ਵਿਖੇ ਪਤੰਗੇ ਬਣ ਜਾਂਦੇ ਹਨ। ਜਿੱਥੇ ਇਨ੍ਹਾਂ ਕੀੜਿਆਂ ਦੇ ਵੱਡੇ ਵੱਡੇ ਕਾਰਖਾਨੇ ਹਨ, ਉੱਥੇ ਸਾਮ੍ਹਣੇ ਇਨ੍ਹਾਂ ਪੱਤਿਆਂ ਦੇ ਢੇਰਾਂ ਦੇ ਢੇਰ ਲੱਗੇ ਰੈਂਹਦੇ ਹਨ, ਇਹ ਹਾਲ ਦੇਖਣ ਦੇ ਜੋਗ ਹੈ, ਕੀੜਿਆਂ ਦੇ ਸਾਮ੍ਹਣੇ ਜਦ ਪੱਤਰਾਂ ਸਣੇ ਟਾਹਣੀਆਂ ਆਉਂਦੀਆਂ ਹਨ, ਤਾਂ ਏਹ ਮੋਟੇ ਮੋਟੇ ਲੋਭੀ ਉਨ੍ਹਾਂ ਪੁਰ ਐਉਂ ਡਿਗਦੇ ਹਨ, ਅਰ ਹਰ ਦਿਨ ਆਪਣੇ ਭਾਰ ਕੋਲੋਂ ਵਧੀਕ ਖਾਂਦੇ ਹਨ। ਬੱਕਰੀਆਂ, ਉੱਠ ਅਤੇ ਗਾਈਆਂ ਬੀ ਇਨ੍ਹਾਂ ਪੱਤਿਆਂ ਨੂੰ ਵਡੇ ਸੁਆਦ ਨਾਲ ਖਾਂਦੀਆਂ ਹਨ॥

ਇਸ ਬਿਰਛ ਵਿਖੇ ਖਾਣ ਦੀ ਇੱਕ ਹੋਰ ਵਸਤੂ ਬੀ ਹੈ,

ਉਹ ਕੀ ? ਇਹਦਾ ਫਲ, ਇਹ ਨਿੱਕੇ ਨਿੱਕੇ ਲੂਆਂਵ
ਦਾਣੇ ਮਿਲਕੇ ਬਣਦਾ ਹੈ, ਦੋਹਾਂ ਰੰਗਾਂ ਦਾ ਹੁੰਦਾ ਹੈ, ਇੱਕ ਊ
ਦੂਜਾ ਭੂਰਾ, ਅਰਥਾਤ ਪਿਲੱਤਣ ਦਾਰ ਚਿੱਟਾ। ਹਰ ਇੱਕ
ਪ੍ਰਕਾਰ ਦੇ ਹੁੰਦੇ ਹਨ, ਇੱਕ ਨਿੱਕੇ, ਦੂਜੇ ਲੰਮੇ ਅਰ ਪਤਾ
ਨਿੱਕਿਆਂ ਨੂੰ ਬਦਾਨਾ ਕੰਹਦੇ ਹਨ, ਲੰਮਿਆਂ ਨੂੰ ਤੂਤ, ਜਿ
ਨੂੰ ਦਿੱਲੀ ਵਿਖੇ ਜਲੇਬਾ ਬੀ ਆਖਦੇ ਹਨ। ਕੋਈ ਅਜੇ
ਮਨੁੱਖ ਨਹੀਂ, ਜਿਸ ਨੇ ਮਿੱਠੇ ਮਿੱਠੇ ਤੂਤ ਨਾ ਖਾਹਦੇ ਹੋ
ਅਨੇਕ ਮੁੰਡੇ ਕੁੜੀਆਂ ਇਸ ਦੇ ਹੇਠਾਂ ਦਿੱਸਦੇ ਹਨ, ਟਾਹਣੀ
ਹਿਲੂਣਦੇ ਹਨ, ਅਤੇ ਸੁਆਦ ਲਾ ਲਾਕੇ ਖਾਂਦੇ ਹਨ, ਉ
ਦਿਆਂ ਹੱਥਾਂ ਅਤੇ ਬੁੱਲਾਂ ਪੁਰ ਊਦੇ ਊਦੇ ਦਾਗ਼ ਪੈ ਜਾਂਦੇ ਹਨ
ਏਹ ਵਡੇ ਔਖੇ ਲੰਹਦੇ ਹਨ। ਵੇਚਣ ਵਾਲੇ ਸਿਰ ਪੁਰ ਛਾਬਣ
ਲਈ ਗਲੀ ਗਲੀ ਫਿਰਦੇ ਹਨ, ਦਿੱਲੀ ਵਿਖੇ ਇਹ ਹੋਕ
ਦਿੰਦੇ ਹਨ, "ਕਾਠ ਕਾ ਕਜਾ ਹੀ ਕੁਦਰਤੀ ਮੀਠਾ ਬਣਾ ਹੈ ਊ
ਜਲੇਬਾ"। ਅਨੇਕਾਂ ਹੀ ਪੰਛੀ ਇਨ੍ਹਾਂ ਬਿਰਛਾਂ ਪੁਰ ਪੈਂਦੇ ਹਨ
ਅਤੇ ਵਡੇ ਸੁਆਦ ਨਾਲ ਖਾਂਦੇ ਹਨ। ਕਸ਼ਮੀਰ ਦੇ ਤੂਤ ਅਜੇ
ਰਸੀਲੇ, ਸੁਆਦ ਅਤੇ ਵੱਡੇ ਵੱਡੇ ਹੁੰਦੇ ਹਨ, ਜੋ ਉੱਥੇ
ਵਸਕੀਣ ਹੋਰਨਾਂ ਮੇਵਿਆਂ ਨਾਲੋਂ ਇਹਨੂੰ ਵਡਿਆਈ ਦਿੰ
ਹਨ। ਤੂਤਾਂ ਦਾ ਸ਼ਰਬਤ ਬੀ ਬਣਦਾ ਹੈ, ਉਸ ਨੂੰ ਸ਼ਰਬਤ ਤੂ

ਰੇਹਦੇ ਹਨ, ਸੰਘ ਵਿੱਚ ਗਰਮੀ ਨਾਲ ਜੋ ਸੋਜ ਪੈ ਜਾਂਦੀ ਹੈ, ਤੇਸਨੂੰ ਗੁਣ ਕਰਦਾ ਹੈ ॥

ਤੂਤ ਦੇ ਬਿਰਛ ਕਈਆਂ ਭਾਂਤਾਂ ਦੇ ਹੁੰਦੇ ਹਨ, ਬਾਹਲਿਆਂ ਬਰਛਾਂ ਦਿਆਂ ਛਿੱਲੜਾਂ ਵਿਖੇ ਇੱਕ ਪੱਕੀ ਤਾਰ ਹੁੰਦੀ ਹੈ, ਉਸ ਨਾਲ ਕਾਗਦ ਅਤੇ ਰੱਸੀਆਂ ਬਣਦੀਆਂ ਹਨ, ਕਈ ਥਾਂ ਇਸ ਦੀਆਂ ਜੜਾਂ ਨਾਲ ਲੀੜਾ ਰੱਤਾ ਰੰਗਿਆ ਜਾਂਦਾ ਹੈ, ਮਹੀਨ ਮਹੀਨ ਟਾਹਣੀਆਂ ਨਾਲ ਟੋਕਰੇ, ਟੋਕਰੀਆਂ, ਛਾਬੇ, ਚੰਗੇਰਾਂ ਬਣਾਉਂਦੇ ਹਨ। ਇਸ ਦੀ ਲੱਕੜ ਪੀਲੇ ਰੰਗ ਦੀ ਹੁੰਦੀ ਹੈ, ਅਤੇ ਵਡੀ ਨਿੱਗਰ, ਬਾਹਲੀ ਘਰਾਂ ਦੇ ਕੰਮ ਆਉਂਦੀ ਹੈ, ਡੌਂ-ਡੀਆਂ, ਛਕੜਿਆਂ ਦੀਆਂ ਛੜਾਂ, ਮੰਜੀਆਂ ਦੇ ਪਾਵੇ ਬਣਾਉਂਦੇ ਹਨ, ਅਤੇ ਹੋਰ ਪੱਕੀਆਂ ਵਸਤਾਂ ਬੀ ਬਣਦੀਆਂ ਹਨ, ਤੂਤ ਦੇ ਇਹ ਵਡਾ ਗੁਣ ਹੈ, ਕਿ ਉਸ ਦੀ ਕੋਈ ਵਸਤੂ ਨਿਕੰਮੀ ਨਹੀਂ, ਜੜ, ਲੱਕੜ, ਛਿੱਲ, ਟਾਹਣੀਆਂ, ਪੱਤੇ, ਫਲ, ਸੱਭੇ ਕੰਮ ਆਉਂਦੇ ਹਨ ॥

## ਰੰਬੇਲੀ॥

ਚੱਲੋ, ਬਾਗ ਦੀ ਸੈਲ ਕਰੀਏ, ਸੰਧ੍ਯਾ ਦੀ ਠੰਡੀ ਠੰਡੀ ਵਾਉ ਖੀਏ। ਵਡੀ ਮੌਜ ਦਾ ਸਮਯ ਹੈ, ਸੂਰਜ ਅਸਤ ਹੋ ਰਿਹਾ ਹੈ,

ਤ੍ਰੇਲ ਪੈਣ ਲੱਗ ਪਈ, ਰਾਤ ਦੇ ਆਉਣ ਦੀ ਤਿਆਰੀ
ਪੰਛੀ ਰਾਗਣੀਆਂ ਗਾ ਰਹੇ ਹਨ, ਸਾਵੇ ਸਾਵੇ ਬਸਤ੍ਰ ਪਹਨੇ
ਚਾਪ ਬਿਰਛ ਖਲੋਤੇ ਹਨ, ਚੰਬੇਲੀ ਸਿਰ ਝੁਕਾਏ ਫੁੱਲਾਂ ਦੀ
ਟਾਹਣੀਆਂ ਦੀਆਂ ਟਾਹਣੀਆਂ ਲਈ ਬੈਠੀ ਹੈ, ਸੁਗੰਧ ਨੇ
ਲਪਟਾਂ ਦੀਆਂ ਲਪਟਾਂ ਆ ਰਹੀਆਂ ਹਨ। ਦੇਖਣਾ! ਚੰਬੇ
ਉੱਤੇ ਕੇਹਾ ਰੂਪ ਹੈ! ਤਾਰਿਆਂ ਵਾਕਰ ਚਮਕਣਵਾਲੇ ਫੁ
ਕੂਲੀਆਂ ਕੂਲੀਆਂ ਪੱਤੀਆਂ, ਅੰਦਰੋਂ ਚਿੱਟੀਆਂ, ਬਾਹਰੋਂ
ਭੈ ਮਾਰਦੀਆਂ ਨੋਕਾਂ ਵਾਲੀਆਂ ਕਲੀਆਂ, ਹਰੀਆਂ ਕਚੂਰ ਪੱ
ਆਂ, ਲੰਮੀਆਂ ਲੰਮੀਆਂ ਟਾਹਣੀਆਂ ਛਤਰੀ ਵਾਕਰ ਧਾ
ਪੁਰ ਛਾਈਆਂ ਹੋਈਆਂ। ਆਓ, ਕੁਝ ਫੁੱਲ ਤੋੜੀਏ,
ਦੀਆਂ ਨਿਰਮਲ ਸੁੰਦਰ ਪੱਤੀਆਂ ਦੀ ਸੋਭਾ ਦੇਖੀਏ। ਵਾਹ!
ਅਚਰਜ ਕੀਤਾ! ਪਹਲਾਂ ਤਾਂ ਫੁੱਲ ਹੀ ਫੁੱਲ ਤੋੜੇ, ਫੇਰ ਪੱਤੀ
ਡੰਡੀਆਂ ਕੋਲੋਂ ਵੱਖਰੀਆਂ ਕੀਤੀਆਂ, ਹੁਣ ਕੀ ਭੁੱਸ
ਰਹੀ। ਫੁੱਲਾਂ ਦੀ ਸੁੰਦਰਤਾ ਦੇਖਣੀ ਚਾਹੋ, ਤਾਂ ਜਿਸ ਰੰਗ
ਪਰਮੇਸੁਰ ਨੇ ਉਨ੍ਹਾਂ ਨੂੰ ਬਣਾਇਆ ਹੈ, ਉਸੇ ਰੰਗ ਵਿੱਚ
ਦੀ ਸੋਭਾ ਦੇਖੋ, ਅਰਥਾਤ ਫੁੱਲਾਂ ਨੂ ਕਲੀਆਂ, ਪੱਤਿਆਂ,
ਣੀਆਂ ਸਣੇ ਤੋੜੋ॥

ਚੰਬੇਲੀ ਪੀਲੀ ਬੀ ਹੁੰਦੀ ਹੈ, ਪਰ ਉਸ ਵਿਖੇ

ਗੰਧਿ ਨਹੀਂ ਹੁੰਦੀ। ਜਾਣਦੇ ਹੋ, ਚੰਬੇਲੀ ਕਿੱਕੁਰ ਲਾਉਂਦੇ ਨ? ਧਰਤੀ ਵਿਖੇ ਟਾਹਣੀਆਂ ਦੱਬ ਦਿੰਦੇ ਹਨ, ਜਾਂ ਜੜ੍ਹਾਂ ਗਰ ਆਉਂਦੀਆਂ ਹਨ, ਉੱਪਰੋਂ ਕੱਟ ਦਿੰਦੇ ਹਨ, ਉਸ ਨੂੰ ਦੱਬਾ ਹਦੇ ਹਨ, ਫੇਰ ਜਿੱਥੇ ਚਾਹੁੰਦੇ ਹਨ, ਪੁੱਟਕੇ ਲਾਉਂਦੇ ਹਨ, ਥੇ ਵਿਖੇ ਇੱਕ ਸਾਲ ਮਗਰੋਂ ਫੁੱਲ ਆਉਂਦੇ ਹਨ। ਫੁੱਲਾਂ ਾਲ ਧਨੀਆਂ ਦੀਆਂ ਛੇਜਾਂ ਸਜਦੀਆਂ ਹਨ, ਵਿਵਾਹਾਂ ਵਿਖੇ, ਾੜੇ ਵਹੁਟੀ ਲਈ ਗਹਣੇ ਬਣਦੇ ਹਨ। ਸੇਹਰਿਆਂ, ਹਾਰਾਂ ਤੇ ਗਜਰਿਆਂ ਦਾ ਐਨਾਂ ਵਰਤਾਰਾ ਹੈ, ਕਿ ਸਵੇਰ ਸੰਧਜਾ ਜਾਰਾਂ ਬਿਕਦੇ ਹਨ। ਹਿੰਦੂ ਅਤੇ ਬਾਹਲੇ ਮੁਸਲਮਾਨ, ਚੰਬੇ-ਲੀ, ਗੁਲਾਬ ਅਤੇ ਮੂੰਗਰੇ ਦਿਆਂ ਫੁੱਲਾਂ ਦਾ ਆਦਰ ਕਰਦੇ ਨ, ਕਾਰਣ ਇਹ ਹੈ, ਕਿ ਵੱਡਿਆਂ ਦੀਆਂ ਸਮਾਧਾਂ ਪੁਰ ਚੜ੍ਹਦੇ ਨ, ਨਜਰ ਅਤੇ ਨਿਆਜ, ਪੂਜਾ ਅਤੇ ਪਾਠ ਦੇ ਕੰਮ ਆਉਂਦੇ ਨ॥

ਤੁਹਾਡਾ ਮਨ ਸੱਚ ਮੁੱਚ ਲਲਚਾਉਂਦਾ ਹੋਇਗਾ, ਕਿ ਹੋਲੀ ਦੇ ਫੁੱਲ ਤੋੜੀਏ, ਹਾਰ ਗਜਰੇ ਬਣਾਕੇ ਪਹਨੀਏ, ਪਰ ਹਾ ਨਾ ਕਰਨਾ, ਏਹ ਗਾਂਧੀ ਨੂੰ ਦਿੱਤੇ ਜਾਂਦੇ ਹਨ। ਉਹ ਵਡੇ ਤੜਕੇ ਆਉਂਦਾ ਹੈ, ਅਜੇ ਤ੍ਰੇਲ ਪੱਤਿਆਂ ਉੱਪਰ ਹੀ ਹੁੰਦੀ ਹੈ, ਝੋਲੀਆਂ ਭਰ ਭਰ ਲੈ ਜਾਂਦਾ ਹੈ, ਉਨ੍ਹਾਂ ਦਾ ਅਤਰ ਕੱਢਦਾ

ਹੈ। ਕਿੱਕੁਰ ਬਣਾਉਂਦਾ ਹੈ ? ਪਹਲੋਂ ਪੱਤੀਆਂ ਵੱਖਰੀਆਂ ਕ
ਹੈ, ਉਨ੍ਹਾਂ ਪੱਤੀਆਂ ਵਿੱਚ ਪਾਣੀ ਅਤੇ ਥੋੜਾ ਜੇਹਾ ਚੰਨਣ
ਤੇਲ ਰਲਾਉਂਦਾ ਹੈ, ਫੇਰ ਕਲੀ ਕੀਤੀ ਹੋਈ ਦੇਗਚੀ ਵਿ
ਪਾਉਂਦਾ ਹੈ, ਚੱਪਣੀ ਦੇਕੇ ਕੰਢੇ ਆੱਟੇ ਨਾਲ ਬੰਦ ਕਰ ਦਿ
ਹੈ, ਕਿ ਹਵਾੜ ਨਾ ਨਿਕਲ ਜਾਏ, ਚੱਪਣੀ ਵਿੱਚ ਵੰਝ ਦੀ ਪੋ
ਨਲੀ ਨੇਚੇ ਵਾਕਰ ਲੱਗੀ ਰੈਂਹਦੀ ਹੈ, ਉਸ ਨੂੰ ਨਾਲ ਕੱ
ਹਨ, ਉਸ ਦਾ ਇੱਕ ਸਿਰਾ ਤਾਂ ਦੇਗਚੀ ਵਿੱਚ ਹੁੰਦਾ ਹੈ, ਦੂ
ਸੀਸੇ ਯਾ ਤ੍ਰਾਂਬੇ ਦੇ ਭਾਂਡੇ ਵਿੱਚ ਕਿ ਜਿਸ ਨੂੰ ਭਬਕਾ ਕੈਂਹਦੇ ਹ
ਫੇਰ ਦੇਗਚੇ ਦੇ ਹੇਠਾਂ ਮੱਠੀ ਮੱਠੀ ਆਂਚ ਕਰਦਾ ਹੈ, ਹਵਾ
ਉੱਪਰ ਉਠਦੀ ਹੈ, ਅਤੇ ਸੱਖਣੀ ਨੜੀ ਦੇ ਰਾਹ ਭਬਕੇ ਵਿੱਚ ਜਾਂ
ਹੈ, ਹੁਣ ਅੱਗ ਕੋਲੋਂ ਦੂਰ ਹੁੰਦੀ ਹੈ, ਠੰਡ ਲੱਗਕੇ ਜਲ ਬ
ਜਾਂਦੀ ਹੈ। ਪੱਤਿਆਂ ਦਾ ਸਾਰਾ ਪਾਣੀ ਤੇਲ ਦੇ ਨਾਲ ਭਾਂਡੇ ਵਿ
ਆ ਜਾਂਦਾ ਹੈ, ਤਾਂ ਦੇਗ ਨੂੰ ਖੋਲਕੇ ਫੋਕ ਨੂੰ ਸਿੱਟ ਦਿੰਦਾ
ਇਸ ਤੇ ਮਗਰੋਂ ਹੋਰ ਸੱਜਰੀਆਂ ਸੱਜਰੀਆਂ ਤੋੜੀਆਂ ਦ
ਪੱਤੀਆਂ ਅਤੇ ਇਹ ਪਾਣੀ ਦੇਗਚੇ ਵਿੱਚ ਪਾਉਂਦਾ ਹੈ, ਅ: ਉ
ਲੀ ਤਰਾਂ ਅਰਕ ਖਿੰਜਦਾ ਹੈ, ਸੋ ਘੱਟ ਤੇ ਘੱਟ ਦਸ ਬਾਰ
ਇਹੋ ਉਲਟ ਪੁਲਟਕੇ ਕਰਦਾ ਜਾਂਦਾ ਹੈ। ਓੜਕ ਚੰਨਣ ਦ
ਅਰਥਾਤ ਤੇਲ ਵਿੱਚ ਫੁੱਲਾਂ ਦੀ ਸੁਗੰਧ ਚੰਗੀ ਤਰਾਂ ਰਚ :

, ਅਰਕ ਨੂੰ ਚੌੜੇ ਮੂੰਹਵਾਲੇ ਭਾਂਡੇ ਵਿੱਚ ਉਲੱਦ ਲੈਂਦਾ
। ਥੋੜੇ ਚਿਰ ਮਗਰੋਂ ਜਲ ਦੇ ਉੱਪਰ ਤੇਲ ਤਰ ਆਉਂਦਾ ਹੈ,
ਸੇ ਦਾ ਨਾਉਂ ਅਤਰ ਹੈ। ਫੇਰ ਸਭਿਆਰ ਚੌਕਸੀ ਨਾਲ ਉਸ ਨੂੰ
ਹੁੰਦਾ ਹੈ, ਕਿ ਜਲ ਦੀ ਲਾਗ ਨਾ ਰਹੇ, ਜੇ ਰਹ ਜਾਏ, ਤਾਂ
ਕਟ ਜਾਂਦਾ ਹੈ। ਗਾਂਧੀ ਅਤਰ ਨੂੰ ਸੀਸਿਆਂ ਸੀਸੀਆਂ ਅਤੇ
ਤਰਦਾਨੀਆਂ ਵਿੱਚ ਰੱਖ ਛੱਡਦਾ ਹੈ, ਬਾਹਲਾ ਸਰਦਾਰਾਂ ਦੇ
ਥ ਵੇਚਦਾ ਹੈ, ਏਹ ਆਪਣਿਆਂ ਬਸਤਰਾਂ ਨੂੰ ਲਾਉਂਦੇ ਹਨ,
ਧਿਰ ਨਿੱਕਲਦੇ ਹਨ, ਉਸਦੀ ਲਪਟ ਤੇ ਇਹੋ ਪਰਤੀਤ
ਦਾ ਹੈ, ਕਿ ਚੰਬੇਲੀ, ਖਿੜ ਰਹੀ ਹੈ। ਜਾਂ ਵੱਡਿਆਂ ਵੱਡਿਆਂ
ਗਰਾਂ ਵਿਖੇ ਬਾਗਾਂ ਤੇ ਦੂਰ ਹੁੰਦੇ ਹਨ, ਅਤਰ ਦੇ ਕਾਰਣ ਠੰਡੇ
ਡੇ ਰਾਹ, ਲਹਲਹਾਉਂਦੀ ਹਰਿਆਈ ਅਤੇ ਚੰਬੇਲੀ ਦੀ ਸੋਭਾ
ਹੋ ਆ ਜਾਂਦੀ ਹੈ॥

ਇਸ ਦਿਆਂ ਫੁੱਲਾਂ ਤੇ ਸੁਗੰਧਿਵਾਲਾ ਤੇਲ ਬੀ ਨਿੱਕਲਦਾ
, ਉਸ ਨੂੰ ਚੰਬੇਲੀ ਦਾ ਤੇਲ, ਯਾ ਫੁਲੇਲ ਕਹਦੇ ਹਨ। ਉਸ
ਕਢਣ ਦੀ ਇਹ ਰੀਤਿ ਹੈ, ਚਿੱਟੇ ਬਸਤਰ ਪੁਰ ਸੱਜਰੇ ਸੱਜਰੇ
ੜੇ ਹੋਏ ਫੁੱਲ ਵਿਛਾਉਂਦੇ ਹਨ, ਉੱਪਰੋਂ ਧੋਤੀ ਹੋਈ ਚਿੱਟੀ
ਲੀ ਪਾਉਂਦੇ ਹਨ। ਇਸਦੇ ਉੱਪਰ ਹੋਰ ਫੁੱਲ ਵਿਛਾ ਦਿੰਦੇ
ਫੁੱਲ ਸੁੱਕ ਜਾਂਦੇ ਹਨ, ਤਾਂ ਇਨ੍ਹਾਂ ਨੂੰ ਕੱਢ ਸਿੱਟਦੇ ਹਨ,

ਇਸੇ ਤਰਾਂ ਕਈ ਵਾਰ ਉਲਟ ਫੇਰ ਕਰਦੇ ਹਨ, ਤਿਲੀ
ਫੁੱਲਾਂ ਦੀ ਸੁਗੰਧਿ ਜਦ ਚੰਗੀ ਤਰਾਂ ਰਚ ਜਾਂਦੀ ਹੈ, ਤਾਂ
ਦਾ ਤੇਲ ਕਢਾ ਲੈਂਦੇ ਹਨ। ਉਸ ਨੂੰ ਕੁੱਪਿਆਂ ਕੁੱਪੀਆਂ
ਤੂੰਗਾਂ ਅਰਥਾਤ ਸੁਰਾਹੀਆਂ ਵਿੱਚ ਰੱਖ ਛੱਡਦੇ ਹਨ, ਫੇਰ
ਮਤਾਂ ਵਾਲਿਆਂ ਨੂੰ ਲਾਉਂਦੀਆਂ ਹਨ, ਕਈ ਪੁਰਖ ਬੀ ਲਾਉਂਦੇ ਹ

## ਸਰਹੋਂ ਦਾ ਬੂਟਾ ॥

ਸਰਹੋਂ ਸਿਆਲ ਵਿਖੇ ਫੁੱਲਦੀ ਹੈ, ਜਿੱਥੇ ਹੁੰਦੀ ਹੈ,
ਫੁੱਲ ਹੀ ਫੁੱਲ ਛਾ ਜਾਂਦੇ ਹਨ, ਰਤੀਕ ਵਾਉ ਘੁੱਲਣ ਤੇ
ਦਿਸਦਾ ਹੈ, ਕਿ ਸੁਨਹਰਾ ਸਮੁੰਦਰ ਠਾਠਾਂ ਮਾਰ ਰਿਹਾ ਹੈ।
ਵਡੇ ਕੰਮ ਆਉਂਦੀ ਹੈ, ਜੱਟ ਬਹੁਤ ਬੀਜਦੇ ਹਨ।
ਵਿਖੇ ਭੋਂ ਨੂੰ ਵਾਹੁੰਦੇ ਹਨ, ਬਰਸਾਤੋਂ ਉਪਰੰਦ ਬੀਜਦੇ ਹਨ,
ਸਾਰੇ ਖੇਤ ਵਿਖੇ ਬੀਜ ਦਿੰਦੇ ਹਨ, ਕਦੇ ਛੋਲਿਆਂ ਅਤੇ
ਦਿਆਂ ਖੇਤਾਂ ਵਿਖੇ ਆਡ ਅਰਥਾਤ *ਪੰਡੀਲ-ਦੀ-ਪੰਡ
ਇਸਦਾ ਨਿੱਕਾ ਜਿਹਾ ਬੀਉ ਗੋਲ ਮੋਲ ਹੁੰਦਾ ਹੈ, ਇਹ
ਛੇਤੀ ਪੁੰਗਰ ਆਉਂਦਾ ਹੈ, ਗਿੱਲੀ ਭੋਂ ਹੋਇ ਤਾਂ ਬਹੁਤ ਹੀ
ਉੱਗਦਾ ਹੈ। ਇਸਦਾ ਬੂਟਾ ਵਡੀ ਛੇਤੀ ਵਧਦਾ ਹੈ, ਗਜ

---

*ਪਾਲ ਦੀ ਪਾਲ॥

ਉੱਚਾ ਹੁੰਦਾ ਹੈ, ਹਰੇ ਕਚੂਰ ਪੱਤੇ, ਹਰਾ ਕੱਚ ਜੇਹਾ ਡੰਡਲ, ਚੌੜਾ ਬੋੱਦਾ, ਪੋਲਾ, ਪਿੱਲਾ ॥

ਬੂੱਟਾ ਜਾਂ ਨਿੱਕਾ ਅਤੇ ਨਰਮ ਹੁੰਦਾ ਹੈ, ਤਾਂ ਪੱਤਿਆਂ ਨੂੰ ਰਿੰਨ੍ਹਕੇ ਖਾਂਦੇ ਹਨ, ਪਹਲੋਂ ਉਬਾਲਦੇ ਹਨ, ਫੇਰ ਨਿਚੋੜਦੇ ਹਨ, ਸਿਲ ਉੱਤੇ ਮਹੀਨ ਮਹੀਨ ਪੀਹਕੇ, ਯਾ ਐਵੇਂ ਹੀ ਲੂ[illegible]ਚ ਰਲਾਕੇ ਘੇਉ ਯਾ ਤੇਲ ਵਿੱਚ ਚੰਗੀ ਤਰਾਂ ਛਮਕ ਲੈਂਦੇ ਹਨ, ਇਸ ਨੂੰ ਭੁਰਜੀ ਸੱਦਦੇ ਹਨ। ਪੱਤਿਆਂ ਸਣੇ ਕੂਲਿਆਂ ਕੂਲਿਆਂ ਡੰਡਲਾਂ ਨੂੰ ਗੰਦਲਾਂ ਕੰਹਦੇ ਹਨ, ਉਨ੍ਹਾਂ ਨੂੰ ਮਾਸ ਵਿੱਚ ਪਾਉਂਦੇ ਹਨ, ਭੁਰਜੀ ਬੀ ਬਣਾਉਂਦੇ ਹਨ। ਗਾਈਆਂ ਮਹੀਆਂ ਹਰਿਆਂ ਹਰਿਆਂ ਡੰਡਲਾਂ ਨੂੰ ਵਡੇ ਸੁਆਦ ਨਾਲ ਖਾਂਦੀਆਂ ਹਨ ॥

ਸਰਹੋਂ ਕਈ ਪ੍ਰਕਾਰ ਦੀ ਹੁੰਦੀ ਹੈ, ਪੀਲੀ, ਕਾਲੀ, ਲਾਖੀ; [illegible]ਖੀ ਦਾ ਰੰਗ ਲਾਖਾ ਹੁੰਦਾ ਹੈ, ਜੇਹਾ ਬੀਉ ਹੋਏ, ਉਹੋ ਜੇਹੀ [illegible]ਗਦੀ ਹੈ। ਤਿਹੁ ਚਹੁ ਮਹੀਨਿਆਂ ਵਿੱਚ ਫੁੱਲਦੀ ਹੈ, ਪੀਲੀਆਂ ਪੀਲੀਆਂ ਕਲੀਆਂ, ਫੁੱਲ ਵਿਖੇ ਚਰਖੜੀ ਵਾਕਰ ਚਾਰ ਪੱਤੀਆਂ, ਚਾਰ ਵੱਡੇ ਦੋ ਨਿੱਕੇ ਸੂਤ ਜੇਹੇ ਜੀਰੇ, ਵਿਚਕਾਰ ਹੇਠਾਂ ਨੂੰ ਨਿੱਕਾ ਜਿਹਾ ਫਲੀ ਦਾ ਉਭਾਰ। ਫੁੱਲ ਛੇਤੀ ਹੀ ਝੜ ਜਾਂਦੇ ਹਨ। ਫੁੱਲਾਂ ਦੇ ਕੁਮਲਾਉਂਦੇ ਹੀ ਇਹ ਉਭਾਰ ਹਰ ਦਿਨ

ਵਧਕੇ ਲੰਮੀ ਪਤਲੀ ਜੇਹੀ ਸਾਵੀ ਫਲੀ ਬਣ ਜਾਂਦਾ ਹੈ। ਫਲੀਆਂ ਵਿੱਚ ਸਾਵੇ ਸਾਵੇ ਗੋਲ ਬੀਉ ਹੁੰਦੇ ਹਨ, ਜਾਂ ਫਲੀ ਸੁੱਕਕੇ ਘਸਮੈਲੀ ਜੇਹੀ ਪੀਲੀ ਨਿਕਲ ਆਉਂਦੀ ਹੈ, ਬੀਉ ਬੀ ਆਪਣਿਆਂ ਆਪਣਿਆਂ ਬੀਆਂ ਦੇ ਅਨੁਸਾਰ ਰੰਗ ਕੱਢਦੇ ਹਨ, ਹੁਣ ਸਾਰਾ ਬਿਰਛ ਕੁਮਲਾਇਆ ਹੋਇਆ ਜਾਪਦਾ ਹੈ। ਜਾਂ ਬੀਉ ਚੰਗੀ ਤਰਾਂ ਪੱਕ ਜਾਂਦੇ ਹਨ, ਜੱਟ ਬੂਟਿਆਂ ਨੂੰ ਵੱਢਕੇ ਧੁੱਪੇ ਖਿਲਾਰ ਦਿੰਦੇ ਹਨ, ਸੁਕਾਕੇ ਇਕੱਠਾ ਕਰਦੇ ਹਨ, ਫੇਰ ਗਾਹ ਪਾਉਂਦੇ ਹਨ, ਅਰਥਾਤ ਬਲਦਾਂ ਦਿਆਂ ਪੈਰਾਂ ਨਾਲ ਬੂਟਿਆਂ ਨੂੰ ਲਤੜਾਉਂਦੇ ਹਨ, ਜੋ ਫਲੀਆਂ ਵਿੱਚੋਂ ਦਾਣੇ ਅੱਡ ਹੋ ਜਾਣ, ਫੇਰ ਦਾਣਿਆਂ ਨਾਲ ਮਿਲੇ ਹੋਏ ਭੋ ਨੂੰ ਛੱਜਾਂ ਅਤੇ ਛਾਬਿਆਂ ਵਿੱਚ ਭਰ ਭਰਕੇ ਦੋ ਡੂਢ ਗਜ ਦੀ ਉਚਾਈ ਤੇ ਥੋੜਾ ਥੋੜਾ ਸਿੱਟਦੇ ਹਨ, ਸਰਹੋਂ ਭਾਰੀ ਹੁੰਦੀ ਹੈ, ਕਿਰਸਾਣਾਂ ਦਿਆਂ ਪੈਰਾਂ ਦੇ ਸਾਮ੍ਹਣੇ ਡਿਗ ਪੈਂਦੀ ਹੈ, ਭੋ ਉੱਡਕੇ ਕੁਝ ਦੂਰ ਜਾ ਪੈਂਦਾ ਹੈ, ਇਸ ਨੂੰ ਅੰਨ ਦਾ ਵਸਾਉਣਾ ਕੈਂਹਦੇ ਹਨ॥

ਸਰਹੋਂ ਬਹੁਤ ਫਲਦੀ ਹੈ, ਸੇਰ ਭਰ ਵਿਖੇ ੩ ਮਣ ਦੇ ਲਗ ਭਗ ਉਗਦੀ ਹੈ। ਬਾਹਲੀ ਤੇਲ ਦੇ ਲਈ ਬੀਜੀ ਜਾਂਦੀ ਹੈ, ਕੋਲ੍ਹੂ ਵਿਖੇ ਪੀੜਕੇ ਤੇਲ ਕੱਢਦੇ ਹਨ, ਉਸ ਵਿਖੇ ਵਡੀ ਥਿੰਦਿਆਈ ਹੁੰਦੀ ਹੈ, ਘੇਉ ਦੇ ਥਾਂ ਅਨੇਕਾਂ ਹੀ ਨਿਰਧਨ ਲੋਕ

ਤੇਲ ਖਾਂਦੇ ਹਨ, ਬਾਲਣ ਵਿੱਚ ਆਉਂਦਾ ਹੈ, ਕਈ ਇਸਤ੍ਰੀਆਂ ਅਤੇ ਪੁਰਖ ਵਾਲਾਂ ਨੂੰ ਮਲਦੇ ਹਨ , ਕਾਰਣ ਇਹ ਹੈ, ਕਿ ਵਾਲ ਚਿਕਟਦੇ ਨਹੀਂ, ਇਸ ਤੇ ਬਿਨਾ ਹੋਰਨਾਂ ਹੋਰਨਾਂ ਕੰਮਾਂ ਵਿੱਚ ਬੀ ਆਉਂਦਾ ਹੈ। ਤੇਲ ਕੱਢਣ ਦੇ ਮਗਰੋਂ ਜੋ ਫੋਕ ਅਰਥਾਤ ਖਲ, ਰੰਹਦੀ ਹੈ, ਉਸ ਨੂੰ ਗਾਈਆਂ ਮਹੀਆਂ ਨੂੰ ਦਿੰਦੇ ਹਨ, ਓਹ ਬਹੁਤਾ ਦੁੱਧ ਦਿੰਦੀਆਂ ਹਨ, ਅਤੇ ਮੋਟੀਆਂ ਡਾਢੀਆਂ ਹੁੰਦੀਆਂ ਹਨ, ਬਹੁਤ ਮਨੁੱਖ ਉਸ ਨਾਲ ਵਾਲ ਧੋਂਦੇ ਹਨ, ਤਾਂ ਚੰਗੇ ਨਿੱਖਰਦੇ ਹਨ ॥

## ਛੋਲਿਆਂ ਦਾ ਬੂੱਟਾ॥

ਪਰਮੇਸੁਰ ਜਾਣੇ! ਰਾਤ ਕਿੰਨੀ ਤ੍ਰੇਲ ਪਈ ਹੋਇਗੀ! ਸਾਰੀ ਪੈਲੀ ਵਿਖੇ ਮੋਤੀਆਂ ਵਾਕਰ ਤ੍ਰੇਲ ਦੀਆਂ ਬੂੰਦਾਂ ਦੀਆਂ ਬੂੰਦਾਂ ਦਮਕ ਰਹੀਆਂ ਹਨ, ਸਵੇਰੇ ਸਵੇਰ ਜਾਂ ਫੁੱਲ ਖਿੜੇ ਹੁੰਦੇ ਹਨ, ਨਿੱਕੇ ਨਿੱਕੇ ਊਦੇ ਊਦੇ, ਉਨ੍ਹਾਂ ਦੇ ਚਮਕਦੇ ਦਮਕਦੇ ਆਕਾਰ ਹਰਿਆਂ ਹਰਿਆਂ ਪੱਤਿਆਂ ਵਿੱਚ ਕੇਹੀ ਸੋਭਾ ਦਿੰਦੇ ਹਨ! ਏਹ ਬੂਟੇ ਕੂਲਾਂ ਅਤੇ ਖੂਹਾਂ ਦੇ ਤ੍ਰਿਹਾਏ ਨਹੀਂ, ਤ੍ਰੇਲ ਇਨ੍ਹਾਂ ਦੀ ਜਿੰਦ ਹੈ, ਉਸ ਕਰਕੇ ਫਲਦੇ ਫੁੱਲਦੇ ਹਨ, ਦਿਨੋ ਦਿਨ ਵਧਦੇ ਹਨ, ਅਤੇ ਬਲਵਾਨ ਹੁੰਦੇ ਜਾਂਦੇ ਹਨ, ਤ੍ਰੇਲ ਉੱਪਰੋਂ ਬਲੀ ਰਾਤਾਂ ਭੁਰ

ਬਰਾਬਰ ਪੈਂਦੀ ਰਹੇ ਤਾਂ ਕਿਰਸਾਣਾਂ ਨੂੰ ਰੰਗ ਹੈ, ਕਦੇ ਅ
ਬੀ ਕਰਦੇ ਹਨ, ਕਿ ਪੱਤਿਆਂ ਪੁਰ ਚੱਾਦਰ ਵਿਛਾ ਦਿੰਦੇ
ਜਾਂ ਉਹ ਤ੍ਰੇਲ ਨਾਲ ਭਿੱਜ ਜਾਂਦੀ ਹੈ, ਤਾਂ ਪਾਣੀ ਨਿਚੋੜਕੇ
ਹਨ, ਉਸ ਵਿਖੇ ਇੱਕ ਪ੍ਰਕਾਰ ਦੀ ਖਟਿਆਈ ਹੁੰਦੀ ਹੈ॥

ਬਰਸਾਤ ਨਿੱਕਲੇ ਛੋਲੇ ਬੀਜੇ ਜਾਂਦੇ ਹਨ, ਕਦੇ ਸਰ
ਆੜ ਅਰਥਾਤ *ਪੰਡੀਲ ਦੇ ਵਿਚਕਾਰ ਹੁੰਦੇ ਹਨ, ਕਦੇ
ਨਾਲ ਬੀਜਦੇ ਹਨ, ਉਸ ਨੂੰ ਗੋਜੀ ਕੰਹਦੇ ਹਨ, ਕਦੇ
ਦੇ ਨਾਲ, ਉਸ ਨੂੰ ਬੇਰੜਾ ਬੋਲਦੇ ਹਨ। ਬੀਜਣ ਤੋਂ
ਚੌਥੇ ਦਿਨ ਪੁੰਗਰ ਪੈਂਦੇ ਹਨ, ਬੂਟੇ ਦੋ ਡੂਢ ਫੁਟ ਦੇ ਲਗ
ਉੱਚੇ ਹੁੰਦੇ ਹਨ। ਇਸ ਦੇ ਸਾਗ ਵਿਖੇ ਇੱਕ ਪ੍ਰਕਾਰ ਦੀ
ਆਈ ਹੈ, ਲੂਣ ਮਿਰਚ ਲਾਕੇ ਕੱਚਾ ਖਾਂਦੇ ਹਨ, ਵਡਾ ਸੁ
ਹੁੰਦਾ ਹੈ, ਮੂੰਗੀ ਯਾ ਮਾਹਾਂ ਦੀ ਦਾਲ ਵਿੱਚ ਰਿੰਨ੍ਹਦੇ ਬੀ
ਸਾਗ ਜਿੰਨਾਂ ਤੋੜੋ, ਉੱਨਾਂ ਹੀ ਫਲਦਾ ਫੁੱਲਦਾ ਅਤੇ ਫੈਲ
ਹੈ! ਫੁੱਲਾਂ ਦਾ ਆਕਾਰ ਅਚਰਜ ਤਰਾਂ ਦਾ ਵੱਖਰਾ ਹੀ ਹੈ,
ਦਿਸਦਾ ਹੈ, ਕਿ ਨਿੱਕੀਆਂ ਨਿੱਕੀਆਂ ਭੰਬੀਰੀਆਂ ਆ ਬੈਠ
ਹਨ, ਪੱਤੇ ਬੀ ਖੰਭਾਂ ਜਿਹੇ ਦਿਖਾਈ ਦਿੰਦੇ ਹਨ। ਹਰ
ਵਿਖੇ ਬਾਹਲੇ ਦੋ ਯਾ ਤ੍ਰੈ ਦਾਣੇ ਹੁੰਦੇ ਹਨ। ਬਾਹਲਿਆਂ ਬੂ
ਵਿੱਚੋਂ ਹਰੇ ਹਰੇ ਬੂਟ ਪੁੱਟ ਲੈਂਦੇ ਹਨ, ਸੈਂਕੜੇ ਮਣ ਬ

*ਪਾਲ

ਖੇ ਬਿਕਦੇ ਹਨ, ਧਨੀ ਤੇ ਲੈ ਨਿਰਧਨ ਤਕ ਸਬਨਾਂ ਨੂੰ
ਉਂਦੇ ਹਨ, ਮੁੰਡੇ ਤਾਂ ਇਸ ਪੁਰ ਅਜੇਹੇ ਮਰਦੇ ਹਨ, ਕਿ
ਤਾਂ ਵਿੱਚ ਲਈ ਗਲੀ ਗਲੀ ਖਾਂਦੇ ਫਿਰਦੇ ਹਨ, ਲੋਕ ਬੂਟ
ਲਾਉ ਰਿੰਨ੍ਹਦੇ ਹਨ, ਮਾਸ ਵਿੱਚ ਪਾਉਂਦੇ ਹਨ, ਲੂਣ ਮਿਰਚ
ਾਕੇ ਘੇਉ ਵਿੱਚ ਭੁੰਨਦੇ ਹਨ, ਹੋਲਾਂ ਕਰਦੇ ਹਨ, ਸੁਰੀਧਿਵਾ-
ੀਆਂ ਕਰਾਰੀਆਂ ਅਤੇ ਸੁਆਦੀ ਹੁੰਦੀਆਂ ਹਨ, ਪਰ ਇਹ ਤਾਂ
ਰ ਹੈ, ਕਿ ਹੱਥ ਮੂੰਹ ਕਾਲੇ ਕਰਦੀਆਂ ਹਨ, ਕਹਵਤ ਪ੍ਰਸਿੱਧ
ਹੁਣ ਓਹ ਦਿਨ ਆਏ, ਕਿ ਟਹਲਣ ਦੇ ਹੱਥ ਕਾਲੇ ਹੋਣ
ਤੇ ਬਹੂ ਦਾ ਮੂੰਹ। ਅਜੇਹਾ ਕੇਹੜਾ ਮੁੰਡਾ ਹੈ? ਕਿ ਜਿਸ ਦੇ
ੜੇ ਵਿੱਚ ਕੁਝ ਹੋਲਾਂ ਨਾ ਹੋਣ॥

ਛੋਲੇ ਗਰਮੀ ਪੈਂਦੇ ਹੀ ਪੱਕ ਜਾਂਦੇ, ਆਪੋ ਆਪਣਿਆਂ
ੀਆਂ ਦੀ ਤਰਾਂ ਰੰਗ ਕੱਢਦੇ ਹਨ, ਕੋਈ ਪੀਲਾ ਜੇਹਾ ਹੋ ਜਾਂਦਾ
, ਕੋਈ ਭੂਰਾ ਰੱਤੀ ਭਾਹਵਾਲਾ। ਛੋਲੇ ਨਿੱਗਰ ਹੁੰਦੇ ਹਨ, ਪਰ
ਖਾਲੀਆਂ ਉਸ ਦੀਆਂ ਦੋ ਫਾਕਾਂ ਹੋ ਸਕਦੀਆਂ ਹਨ, ਅੰਦਰੋਂ
ਾਢੇ ਪੀਲੇ ਨਿੱਕਲਦੇ ਹਨ। ਇਸਦੀ ਪੈਲੀ ਪੱਕ ਜਾਂਦੀ ਹੈ,
ਂ ਕਿਰਸਾਣ ਹੋਰਨਾਂ ਅੰਨਾਂ ਦੀ ਤਰਾਂ ਛੋਲਿਆਂ ਨੂੰ ਵੱਖਰੇ ਕਰ
ਂਦਾ ਹੈ। ਭੋ ਡੰਗਰਾਂ ਦਾ ਅਤਿ ਮਨ ਭਾਉਂਦਾ ਖਾਜਾ ਹੈ। ਛੋਲੇ
ਹੁਤ ਨਹੀਂ ਫਲਦੇ, ਚੰਗੀ ਭੋਂ ਨਾ ਹੋਇ, ਤਾਂ ਸੇਰ ਭਰ ਵਿੱਚੋਂ

ਪੰਜ ਸੇਰ ਨਿਕਲਦੇ ਹਨ, ਚੰਗੀ ਹੋਇ, ਤਾਂ ਦਸ ਸੇਰ ॥

ਘੋੜੇ ਅਜੇਹੇ ਸੁਆਦ ਨਾਲ ਜੌਂ ਨਹੀਂ ਖਾਂਦੇ, ਕਿ ਜੈ
ਛੋਲੇ, ਸਗੋਂ ਲਾਦੂਆਂ ਘੋੜਿਆਂ ਦਾ ਨਿਰਬਾਹ ਬਾਹਲਾ ਇ
ਹੀ ਪੁਰ ਹੈ । ਭੁੰਨੇ ਹੋਏ ਵਡੇ ਸੁਆਦ ਹੁੰਦੇ ਹਨ, ਐਵੇਂ ਹੀ ਖਾਂ
ਹਨ, ਲੂਣ ਮਿਰਚ ਬੀ ਰਲਾਉਂਦੇ ਹਨ, ਖੱਟਾ ਯਾ ਨਿੰਬੂ ਨਿ
ੜਦੇ ਹਨ, ਮੁੰਡੇ ਇੱਕ ਅੱਧ ਮੁੱਠੀ ਗੋੜੇ ਵਿੱਚ ਪਾ ਲੈਂਦੇ ਹਨ
ਘੜੀ ਘੜੀ ਥੋੜੇ ਥੋੜੇ ਕੱਢਕੇ ਠੂੰਗਦੇ ਹਨ, ਸੱਚ ਹੈ, ਚਟ
ਚੁਗਲ ਮੂੰਹ ਲਾਇਆ ਨਹੀਂ ਲੰਹਦਾ, ਘੁੰਙਣੀਆਂ ਉਬਾਲ
ਹਨ, ਦਾਲ ਦਲਦੇ ਹਨ, ਉਸ ਨੂੰ ਰਿੰਨ੍ਹਦੇ ਹਨ, ਥੋੜਾ ਭਿ
ਭੇਉਂ ਛੱਡਦੇ ਹਨ, ਫੇਰ ਲੂਣ ਮਰਚ ਰਲਾਕੇ ਚੱਬਦੇ ਹਨ, ਘਿ
ਵਿੱਚ ਤਲਦੇ ਹਨ, ਮਾਸ ਵਿੱਚ ਰਿੰਨ੍ਹਦੇ ਹਨ, ਪੀਹਕੇ ਵੇਸਣ
ਬਣਾਉਂਦੇ ਹਨ, ਬੇਸਣ ਤੇ ਕਈ ਮਿਠਿਆਈਆਂ, ਬਾਹਲੀਆਂ
ਖਾਣ ਦੀਆਂ ਵਸਤਾਂ ਬਣਦੀਆਂ ਹਨ ॥

ਮੋਠਾਂ, ਮੂੰਗੀ, ਮਾਂਹਾਂ, ਮਸਰਾਂ ਦੇ ਬੂਟੇ ਛੋਲਿਆਂ ਵਿ
ਬੂਟਿਆਂ ਦੀ ਤਰਾਂ ਹੁੰਦੇ ਹਨ, ਫੁੱਲ ਬੀ ਉਹੋ ਜਿਹੇ ਹਨ, ਜਿ
ਜੇਹੀਆਂ ਭੰਬੀਰੀਆਂ, ਇਨ੍ਹਾਂ ਦੇ ਬੀਉ ਬੀ ਫਲੀਆਂ ਵਿੱਚ ਹੁੰ
ਹਨ, ਕਿ ਜੇਹਾ ਛੋਲੇ ਡੱਡਿਆਂ ਵਿੱਚ ॥

# ਸੂਰਜ ਦਾ ਬਰਣਨ॥

ਇਹ ਜਗਤ ਵਿਖੇ ਉਜਾਲਾ ਕਰਦਾ ਹੈ, ਜਗਤ ਦੀਆਂ ਵਸਤਾਂ ਨੂੰ ਗਰਮੀ ਪੁਚਾਉਂਦਾ ਹੈ, ਇਸ ਤੇ ਬਾਝ ਨਾ ਜਨੌਰ ਜੀਉਂ ਸਕਦੇ ਹਨ, ਨਾ ਉੱਗੀਆਂ ਹੋਈਆਂ ਵਸਤਾਂ ਹਰੀਆਂ ਰਹ ਸਕਦੀਆਂ ਹਨ। ਵਿਦਜਾਵਾਨਾਂ ਨੇ ਸੂਰਜ ਦੀਆਂ ਬਹੁਤ ਸਾਰੀਆਂ ਗੱਲਾਂ ਮਲੂਮ ਕੀਤੀਆਂ ਹਨ, ਜਿਹਾ ਕਿ ਉਹ ਕਿੰਨਾ ਵੱਡਾ ਹੈ, ਧਰਤੀ ਕੋਲੋਂ ਕਿੰਨੀ ਦੂਰ ਹੈ, ਕਿਸ ਕਿਸ ਵਸਤੁ ਤੇ ਬਣਿਆ ਹੈ, ਲੋਇ ਅਤੇ ਤਾਉ ਉਸ ਕੋਲੋਂ ਸਾਨੂੰ ਕਿਸ ਪ੍ਰਕਾਰ ਪਹੁੰਚਦੇ ਹਨ, ਕਿਉਂ ਕਦੇ ਘੱਟ ਹੁੰਦਾ ਹੈ, ਕਦੇ ਵੱਧ। ਏਹ ਗੱਲਾਂ ਅਜੇ ਤੁਹਾਡੀ ਸਮਝ ਵਿੱਚ ਨਹੀਂ ਆ ਸਕਦੀਆਂ, ਪਰ ਕਈ ਛੋਟੀਆਂ ਛੋਟੀਆਂ ਅਜੇਹੀਆਂ ਗੱਲਾਂ ਸੂਰਜ ਦੱਸਦਾ ਹੈ, ਜੋ ਵੱਡੀਆਂ ਵੱਡੀਆਂ ਗੱਲਾਂ ਦੀ ਨੀਹ ਹਨ, ਜਿਨ੍ਹਾਂ ਦਾ ਜਾਣਨਾ ਨਿੱਕੇ ਬਾਲਕ ਨੂੰ ਬੀ ਉਚਿਤ ਹੈ। ਆਓ, ਪਹਲੋਂ ਛੋਟੀਆਂ ਛੋਟੀਆਂ ਗੱਲਾਂ ਦੱਸੀਏ ॥

ਜਾਣਦੇ ਹੋ, ਤੁਹਾਡੇ ਘਰ ਤੇ, ਉੱਤਰ ਦੱਖਿਣ, ਪੂਰਬ ਪੱਛਿਮ ਕੱਧਰ ਹੈ ? ਇਹ ਗੱਲ ਤਾਂ ਬਹੁਤ ਸੁਖਾਲੀ ਹੈ, ਮੂਹੇਰੇ ਉੱਠੋ, ਥੋੜੇ ਚਿਰ ਵਿੱਚ, ਇੱਕ ਵੱਲ ਨੂੰ ਅੰਬਰ ਪੁਰ ਲੋਇ ਵਿਖਾਲੀ

ਦੇਏਗੀ, ਉਸ ਨੂੰ ਪ੍ਰਭਾਤ ਕੰਹਦੇ ਹਨ, ਲੋਇ ਦੇ ਹੇਠਾਂ,
ਧਰਤੀ ਅਤੇ ਅਕਾਸ ਮਿਲੇ ਹੋਏ ਪਰਤੀਤ ਹੁੰਦੇ ਹਨ,
ਇੱਕ ਸੋਨੇ ਦਾ ਥਾਲ ਜਿਹਾ ਝੁਲਕ ਝੁਲਕ ਕਰਦਾ ਉਭ
ਚਲਿਆ ਆਉਂਦਾ ਹੈ, ਇਹੋ ਸੂਰਜ ਹੈ। ਜਿਸ ਵੱਲੋਂ ਨਿੱਕਲ
ਹੈ, ਉਸ ਨੂੰ ਪੂਰਬ, ਯਾ ਚੜ੍ਹਦਾ ਕੰਹਦੇ ਹਨ, ਅਤੇ ਉ
ਸਾਮਣੇ ਨੂੰ ਪੱਛਿਮ ਯਾ ਲੰਹਦਾ; ਸੰਧਜਾ ਨੂੰ ਵੇਖੋ, ਤਾਂ ਉਸੇ
ਅਸਤ ਹੁੰਦਾ ਦਿੱਸਦਾ ਹੈ, ਫੇਰ ਠੀਕ ਦੁਪਹਰ ਨੂੰ ਸੂਰਜ
ਦੇਖੋ, ਜੋ ਦਿਸਾ ਤੁਹਾਡੇ ਸਾਮਣੇ ਹੈ, ਉਸ ਨੂੰ ਦੱਖਿਣ ਯਾ
ਬੋਲਦੇ ਹਨ, ਅਤੇ ਜੋ ਕੰਡ ਮਗਰ ਹੈ, ਉਸ ਨੂੰ ਉੱਤਰ
ਪਹਾੜ ਯਾ ਉੱਭਾ ਕੰਹਦੇ ਹਨ। ਇਸ ਵੇਲੇ ਲੰਹਦਾ ਤੁਹਾਡੇ
ਹੱਥ ਨੂੰ ਹੋਇਗਾ, ਚੜ੍ਹਦਾ ਖੱਬੇ ਹੱਥ ਨੂੰ। *ਸੂਰਜ ਉੱਤਰ
ਵਿਖੇ ਕਦੇ ਦਿਖਾਈ ਨਹੀਂ ਦਿੰਦਾ॥

---

*ਗੁਰ ਨੂੰ ਮਲੂਮ ਹੋਇਗਾ, ਕਿ ਇਹ ਗੱਲ ਨਿਰੀ
ਦੇਸਾਂ ਲਈ ਹੈ, ਜੋ ਕਰਕ ਰੇਖ ਦੇ ਉੱਤਰ ਵੱਲ ਹਨ, ਅ
ਦੇਸ ਕਰਕ ਰੇਖਾ ਅਤੇ ਮਕਰ ਰੇਖਾ ਦੇ ਵਿਚਕਾਰ ਅਰ
ਤਪਤ ਭਾਗ ਵਿਖੇ ਹਨ, ਉੱਥੇ ਸੂਰਜ ਕਦੇ ਉੱਤਰ ਦੀ
ਵਿਖਲਾਈ ਦਿੰਦਾ ਹੈ, ਕਦੇ ਦੱਖਿਣ ਦੀ ਵੱਲ, ਅਤੇ ਜੋ
ਮਕਰ ਰੇਖਾ ਦੇ ਦੱਖਿਣ ਨੂੰ ਹਨ, ਉੱਥੋਂ ਸਦਾ ਉੱਤਰ ਦੀ
ਨੂੰ ਵਿਖਾਲੀ ਦਿੰਦਾ ਹੈ॥

ਜਦ ਤਕ ਸੂਰਜ ਵਿਖਾਲੀ ਦਿੰਦਾ ਹੈ (ਅਰਥਾਤ ਉਦਯ
ੲ ਤੇ ਅਸਤ ਹੋਣ ਤਕ) ਉਸਨੂੰ ਅਸੀਂ ਦਿਨ ਕੰਹਦੇ ਹਾਂ,
ਦ ਤਕ ਉਹ ਦਿਖਾਈ ਨਹੀਂ ਦਿੰਦਾ, (ਅਰਥਾਤ ਅਸਤ ਹੋਣ
ਉਦਯ ਹੋਣ ਤਕ,) ਉਸਨੂੰ ਰਾਤ ਕੰਹਦੇ ਹਾਂ, ਪ੍ਰਭਾਤ ਤੇ ਲੈ
ਝ ਦਿਨ ਚੜ੍ਹੇ ਤਕ ਸਵੇਰਾ ਕਹਾਉਂਦਾ ਹੈ, ਅਸਤ ਹੋਣ ਤੇ
ਝ ਚਿਰ ਮੁਹਰੇ ਅਤੇ ਕੁਝ ਪਿੱਛੇ ਤਕ ਸੰਧਯਾ। ਸਵੇਰੇ ਅਤੇ
ਧਯਾ ਨੂੰ, ਜਾਂ ਰਸਮਾਂ ਧਰਤੀ ਪੁਰ ਵਿੰਗੀਆਂ ਪੈਂਦੀਆਂ ਹਨ,
ਰਮੀ ਘੱਟ ਹੁੰਦੀ ਹੈ, ਦੁਪਹਰ ਨੂੰ ਸਵੇਰੇ ਸੰਧਯਾ ਕੋਲੋਂ ਜਾਂ
ਸਮਾਂ ਸਿੱਧੀਆਂ ਪੈਂਦੀਆਂ ਹਨ, ਤਾਂ ਗਰਮੀ ਵਧੀਕ ਹੁੰਦੀ ਹੈ,
ਸ ਦਾ ਵੇਰਵਾ ਅਗਲੀ ਪੋਥੀ ਵਿਖੇ ਆਇਗਾ॥

ਰਾਤ ਦਿਹੁੰ ਦੇ ਚੌਵੀ ਭਾਗ ਕੀਤੇ ਹਨ, ਹਰ ਭਾਗ ਨੂੰ ਘੰਟਾ
ਹਦੇ ਹਨ, ਅੱਧੀ ਰਾਤ ਤੋਂ ਲੈ ਘੰਟਿਆਂ ਦੀ ਗਿਣਤੀ ਕਰਦੇ
ਨ, ਇੱਕ ਘੰਟਾ ਬੀਤਦਾ ਹੈ, ਤਾਂ ਇੱਕ ਵੱਜਦਾ ਹੈ, ਦੋ ਬੀਤਦੇ
ਨ, ਤਾਂ ਦੋ ਵੱਜਦੇ ਹਨ, ਇਸੇ ਪ੍ਰਕਾਰ ਦੁਪਹਰ ਨੂੰ ਬਾਰਾਂ
ਜਦੇ ਹਨ। ਫੇਰ ਦੁਪਹਰੋਂ ਗਿਣਨ ਲੱਗਦੇ ਹਨ, ਅੱਧੀ ਰਾਤ
ਕ ਬਾਰਾਂ ਘੰਟੇ ਹੁੰਦੇ ਹਨ। ਘੰਟੇ ਦੇ ਇੱਕੋ ਜਿਹੇ ਸੱਠ ਭਾਗ
ਤੇ ਜਾਂਦੇ ਹਨ; ਇਨ੍ਹਾਂ ਨੂੰ ਮਿਨਟ ਕੰਹਦੇ ਹਨ, ਇੱਕ ਮਿਨਟ
ਮੁੜ ਬਰਾਬਰ ਸੱਠ ਭਾਗ ਕੀਤੇ ਹਨ, ਉਨ੍ਹਾਂ ਨੂੰ ਸਿਕੰਡ

ਬੋਲਦੇ ਹਨ। ਇਸ ਤੇ ਬਿਨਾ ਸਮਯ ਦੀ ਗਿਣਤੀ ਦੇ
ਭਿੰਨ ਰਾਹ ਹਨ, ਹਿੰਦੂ ਪਹਲੇ ਸਮਯ ਵਿਖੇ ਸਦਾ ਪਹਰਾਂ
ਘੜੀਆਂ ਨਾਲ ਗਿਣਦੇ ਸਨ, ਇਨ੍ਹਾਂ ਦਿਨਾਂ ਵਿਖੇ ਬੀ
ਵੱਜਦੇ ਹਨ, ਤਾਂ ਬਹੁਤ ਲੋਕ ਕੰਹਦੇ ਹਨ, ਕਿ ਦੁਪਹਰ ਹੋ
ਵੇਲਾ ਨਿਰਣਯ ਕਰਨ ਦੇ ਵੱਖੋ ਵੱਖਰੇ ਰਾਹ ਹਨ, ਸਭ
ਨਾਲੋਂ ਚੰਗਾ ਉਹ ਰਾਹ ਹੈ, ਜੋ ਯਰੂਪ ਦਿਆਂ ਲੋਕਾਂ ਨੇ ਕੱਢਿ
ਇਨ੍ਹਾਂ ਨੇ ਘੰਟੇ ਅਤੇ ਘੜੀਆਂ ਬਣਾਈਆਂ, ਘੰਟੇ ਵੱਡੇ
ਹਨ, ਅਤੇ ਘੜੀਆਂ ਨਿੱਕੀਆਂ, ਘੰਟੇ ਉੱਚਿਆਂ ਉੱ
ਮਹਲਾਂ ਪੁਰ ਲਾਏ ਜਾਂਦੇ ਹਨ, ਕਿ ਸਾਰੇ ਲੋਕ ਵੇਖ ਸ
ਕਿਸੇ ਵੇਲੇ ਲੋਕ ਆਪਣੀਆਂ ਬੈਠਕਾਂ ਵਿਖੇ ਮੇਜ ਪੁਰ ਯਾ
ਵਿੱਚ ਰੱਖ ਦਿੰਦੇ ਹਨ, ਯਾ ਕੰਧ ਵਿਖੇ ਲਾਉਂਦੇ ਹਨ, ਘ
ਨੂੰ ਜੇਬਾਂ ਵਿਖੇ ਰੱਖਦੇ ਹਨ, ਘੰਟਿਆਂ ਅਤੇ ਘੜੀਆਂ
ਦੋ ਦੋ ਸੂਈਆਂ ਹੁੰਦੀਆਂ ਹਨ, ਇੱਕ ਨਿੱਕੀ, ਉਸਦੇ ਫਿਰ
ਘੰਟਾ ਮਲੂਮ ਹੁੰਦਾ ਹੈ, ਦੂੱਜੀ ਵੱਡੀ, ਉਸਦੇ ਫਿਰਨ ਤੇ ਮਿ
ਪਰਤੀਤ ਹੁੰਦੇ ਹਨ, ਕਦੇ ਕਦੇ ਤੀਜੀ ਸੂਈ ਬੀ ਹੁੰਦੀ ਹੈ,
ਨਾਲ ਸਿਕੰਡ ਮਲੂਮ ਹੁੰਦੇ ਹਨ, ਘੰਟਿਆਂ ਅਤੇ ਘੜੀਆਂ
ਅਸੀਂ ਠੀਕ ਵੇਲਾ ਜਾਣ ਸਕਦੇ ਹਾਂ, ਛਾਉਣੀ ਵਿਖੇ ਜਾਂ ਦੁ
ਨੂੰ ਇੱਕ ਤੋਪ ਛੁੱਟਦੀ ਹੈ, ਉਸ ਤੇ ਸਭਨਾਂ ਨੂੰ ਮਲੂਮ ਹੋ

ਕਿ ਬਾਰਾਂ ਬਜ ਗਏ, ਬਹੁਤ ਲੋਕ ਉਸ ਵੇਲੇ ਆਪੋ ਆਪ-
ਆਂ ਘੜੀਆਂ ਅਤੇ ਘੰਟੇ ਸੁਆਰਕੇ ਠੀਕ ਕਰ ਲੈਂਦੇ ਹਨ ॥

## ਜੀਵਨ ਬ੍ਰਿਤਾਂਤ॥

## ਮੀਰ ਨਾਸਿਰੁੱਦੀਨ ਸੁਬਕਤ-ਗੀਨ ਦੀ ਵਾਰਤਾ॥

ਪੰਜਾਬ ਦੇ ਉੱਤਰ ਅਤੇ ਪੱਛਮ ਦੀ ਵੱਲ ਨੂੰ ਜੋ ਦੇਸ ਹੈ, ਉਸ
ਾਂ ਅਲਪਤਗੀਨ ਨਾਮੇ ਇੱਕ ਹਾਕਿਮ ਨੇ ਨਗਰ ਗਜਨੀ
ਆਪਣੀ ਰਾਜਧਾਨੀ ਬਣਾਇਆ। ਇੱਕ ਵਾਰ ਉਸ ਦੀ
ਵਿਖੇ ਇੱਕ ਬੁਪਾਰੀ ਤੁਰਕੀ ਦਾਸ ਲਿਆਇਆ, ਅਮੀਰ
ੰਹ ਭਾਇਆ, ਉਸ ਨੂੰ ਖਰੀਦ ਲਿਆ, ਸੁਬਕਤਗੀਨ
ਰੱਖਿਆ, ਇਹ ਮੁੰਡਾ ਸੁਚੇਤ ਅਤੇ ਚਤੁਰ ਸਾ, ਸੋਚ
ਝਕੇ ਕੰਮ ਕਰਦਾ ਸਾ, ਹੌਲੀ ਹੌਲੀ ਸੈਨਾਪਤਿ ਬਣ ਗਇ-
ਵਧਦਾ ਵਧਦਾ ਐਂਨਾ ਵਧਿਆ, ਕਿ ਅਮੀਰ ਦੀ ਪੁੱਤ੍ਰੀ
ਵਿਵਾਹ ਹੋ ਗਇਆ ॥

ਸੁਖਕਤਗੀਨ ਨੂੰ ਚਾਕਰ ਹੋਣ ਦੇ ਵੇਲੇ ਸ਼ਿਕਾਰ ਦੀ ਚੇਟਕ ਸੀ, ਇੱਕ ਵਾਰ ਜੰਗਲ ਵਿਖੇ ਦੇਖਿਆ, ਕਿ ਹਰਨੀ ਆਪਣੇ ਬੱਚੇ ਨੂੰ ਨਾਲ ਲਈ ਚਰਦੀ ਫਿਰਦੀ ਹੈ, ਦੇ ਮਗਰ ਘੋੜਾ ਸਿੱਟਿਆ, ਹਰਨੀ ਤਾਂ ਬਚਕੇ ਨਿਕੱਲ ਗ ਬੱਚਾ ਹੱਥ ਆ ਗਇਆ, ਬੰਨਕੇ ਘੋੜੇ ਦੇ ਹੰਨੇ ਪੁਰ ਰੱਖ ਲਿ ਅਤੇ ਨਗਰ ਨੂੰ ਮੁੜਿਆ। ਥੋੜੀ ਦੂਰ ਹੀ ਗਇਆ ਸਾ, ਕੀ ਦੇਖਦਾ ਹੈ, ਕਿ ਮਾਂ ਮਮਤਾ ਦੀ ਮਾਰੀ ਮਗਰ ਮਗਰ ਦਨ ਚਾਈ ਚਲੀ ਆਉਂਦੀ ਹੈ, ਅਤੇ ਆਪਣੇ ਬੱਚੇ ਸਭਿਆਰ ਬਜਾਕੁਲ ਹੈ। ਸੁਬਕਤਗੀਨ ਨੂੰ ਤਰਸ ਆਇ ਬੱਚੇ ਨੂੰ ਛੱਡ ਦਿੱਤਾ। ਹਰਨੀ ਬੱਚੇ ਨੂੰ ਨਾਲ ਲੈ ਜੰਗਲ ਚੱਲੀ, ਸੁਬਕਤਗੀਨ ਖੜਾ ਵੇਂਹਦਾ ਸਾ ਕਿ ਚਾਰ ਪੈਰ ਤੁ ਸੀ, ਥੰਮ ਜਾਂਦੀ ਅਤੇ ਭੌਂਕੇ ਉਸ ਦੀ ਵੱਲ ਵੇਂਹਦੀ, ਅ ਪਰਤੀਤ ਹੁੰਦਾ ਸਾ, ਜਾਣੋ ਅਸੀਸਾਂ ਦਿੰਦੀ ਹੈ। ਰਾਤ ਨੂੰ ਸੁ ਵਿੱਚ ਸਬਦ ਸੁਣਿਆ, ਕਿ ਹੇ ਸੁਬਕਤਗੀਨ ! ਇਸ ਵਿ ਗੁੰਗੇ ਜਨੌਰ ਉੱਤੇ ਜੋ ਤੈਂ ਤਰਸ ਕੀਤਾ, ਪਰਮੇਸੁਰ ਦੇ ਬਾਰ ਵਿਖੇ ਬਹੁਤ ਭਾਇਆ ਹੈ, ਤੇਰੇ ਨਾਉਂ ਉੱਤੇ ਰਾਜ ਆਗਜਾ ਲਿਖੀ ਗਈ ਹੈ, ਦੇਖ ! ਪਰਮੇਸੁਰ ਦਿਆਂ ਜੀਆਂ ਇਸੇ ਪ੍ਰਕਾਰ ਦਯਾ ਕੀਤਾ ਕਰੀਂ ॥

ਅਲਪਤਗੀਨ ਮਰ ਗਇਆ, ਤਾਂ ਉਸ ਦਾ ਪੁੱਤ੍ਰ ਉਸ ਦੀ
ਹੋਇਆ, ਪਰ ਉਹ ਮੁੰਡਾ ਸਾ, ਰਾਜ ਕਾਜ ਸੁਬਕਤਗੀਨ
ਹੀ ਹੱਥ ਰਿਹਾ, ਵਰ੍ਹੇ ਮਗਰੋਂ ਮੁੰਡਾ ਬੀ ਮਰ ਗਇਆ,
ਕਤਗੀਨ ਨੈ ਆਪਣੀਆਂ ਨੇਕੀਆਂ ਨਾਲ ਲੋਕਾਂ ਦਿਆਂ
ਾਂ ਵਿੱਚ ਵਾਸ ਕਰ ਰੱਖਿਆ ਸਾ, ਓੜਕ ਨੂੰ ਸਬਨਾਂ ਦੀ
ਾਹ ਨਾਲ ਹਾਕਿਮ ਹੋ ਗਇਆ, ਅਤੇ ਦੇਸ ਦਾ ਬੰਦੋ-
ਤ ਕਰਕੇ ਰਾਜ ਦਾ ਬਲ ਪ੍ਰਤਾਪ ਵਧਾਉਣ ਲੱਗਿਆ॥

ਇਸ ਸਮਯ ਬ੍ਰਾਹਮਣਾਂ ਦੀ ਵੰਸ ਵਿੱਚੋਂ ਜੈਪਾਲ ਨਾਮੇ
ਜਾ ਲਾਹੌਰ ਵਿਖੇ ਰਾਜ ਕਰਦਾ ਸਾ, ਜਾਂ ਉਸ ਨੈ ਮੁਸਲ-
ਾਂ ਦਾ ਬਲ ਹਿੰਦੁਸਤਾਨ ਦੀ ਵੱਲ ਵਧਦਾ ਡਿੱਠਾ, ਤਾਂ ਉਸ
ਡੱਕਣਾ ਚੰਗਾ ਜਾਤਾ, ਪੈਦਲਾਂ, ਸਵਾਰਾਂ ਅਤੇ ਹਾਥੀਆਂ
ਵਡੀ ਸੈਨਾ ਇਕੱਠੀ ਕੀਤੀ, ਅਤੇ ਵਡੀ ਧੂਮ ਧਾਮ ਨਾਲ
ਾਈ ਕਰਕੇ ਸੁਬਕਤਗੀਨ ਦੇ ਬੰਨੇ ਪੁਰ ਜਾ ਪੁੱਜਾ।
ਰੋਂ ਸੁਬਕਤਗੀਨ ਸੈਨਾ ਲੈਕੇ ਆਇਆ, ਲੜਾਈ ਲੱਗ
ੀ। ਸੰਜੋਗ ਨਾਲ ਉਨ੍ਹਾਂ ਹੀ ਦਿਨਾਂ ਵਿਖੇ ਵਡੀ ਬਰਖਾ ਹੋਣ
ੀ, ਅਤੇ ਠੰਡ ਅਜੇਹੀ ੜਿੱਖੀ ਪਈ, ਕਿ ਪਾਲੇ ਦੇ ਮਾਰੇ
ਾਂ ਵਿਖੇ ਰੱਤ ਜੰਮ ਗਈ, ਅਤੇ ਸਾਰੇ ਲੋਕ ਬੈਠੇ ਦੇ ਬੈਠੇ
ਗਏ, ਹਿੰਦੁਸਤਾਨ ਦਿਆਂ ਲੋਕਾਂ ਨੈ ਕਦੇ ਇਹ ਗੱਲ ਨਹੀਂ

ਸੁਖਕਤਗੀਨ ਨੂੰ ਚਾਕਰ ਹੋਣ ਦੇ ਵੇਲੇ ਸ਼ਿਕਾਰ ਦੀ
ਚੇਟਕ ਸੀ, ਇੱਕ ਵਾਰ ਜੰਗਲ ਵਿਖੇ ਦੇਖਿਆ, ਕਿ
ਹਰਨੀ ਆਪਣੇ ਬੱਚੇ ਨੂੰ ਨਾਲ ਲਈ ਚਰਦੀ ਫਿਰਦੀ ਹੈ,
ਦੇ ਮਗਰ ਘੋੜਾ ਸਿੱਟਿਆ, ਹਰਨੀ ਤਾਂ ਬਚਕੇ ਨਿਕੱਲ ਗ
ਬੱਚਾ ਹੱਥ ਆ ਗਇਆ, ਬੰਨਕੇ ਘੋੜੇ ਦੇ ਹੰਨੇ ਪੁਰ ਰੱਖ ਲਿ
ਅਤੇ ਨਗਰ ਨੂੰ ਮੁੜਿਆ। ਥੋੜੀ ਦੂਰ ਹੀ ਗਇਆ ਸਾ, ਮੁ
ਕੀ ਦੇਖਦਾ ਹੈ, ਕਿ ਮਾਂ ਮਮਤਾ ਦੀ ਮਾਰੀ ਮਗਰ ਮਗਰ ਰ
ਦਨ ਚਾਈ ਚਲੀ ਆਉਂਦੀ ਹੈ, ਅਤੇ ਆਪਣੇ ਬੱਚੇ ਲ
ਸਭਿਆਰ ਬਜਾਕੁਲ ਹੈ। ਸੁਬਕਤਗੀਨ ਨੂੰ ਤਰਸ ਆਇ
ਬੱਚੇ ਨੂੰ ਛੱਡ ਦਿੱਤਾ। ਹਰਨੀ ਬੱਚੇ ਨੂੰ ਨਾਲ ਲੈ ਜੰਗਲ
ਚੱਲੀ, ਸੁਬਕਤਗੀਨ ਖੜਾ ਵੇਂਹਦਾ ਸਾ ਕਿ ਚਾਰ ਪੈਰ ਤੁ
ਸੀ, ਥੰਮ ਜਾਂਦੀ ਅਤੇ ਭੌਂਕੇ ਉਸ ਦੀ ਵੱਲ ਵੇਂਹਦੀ, ਅ
ਪਰਤੀਤ ਹੁੰਦਾ ਸਾ, ਜਾਣੋ ਅਸੀਸਾਂ ਦਿੰਦੀ ਹੈ। ਰਾਤ ਨੂੰ ਸੁ
ਵਿੱਚ ਸਬਦ ਸੁਣਿਆ, ਕਿ ਹੇ ਸੁਬਕਤਗੀਨ! ਇਸ ਵਿ
ਗੂੰਗੇ ਜਨੌਰ ਉੱਤੇ ਜੋ ਤੈਂ ਤਰਸ ਕੀਤਾ, ਪਰਮੇਸੁਰ ਦੇ ਦ
ਬਾਰ ਵਿਖੇ ਬਹੁਤ ਭਾਇਆ ਹੈ, ਤੇਰੇ ਨਾਉਂ ਉੱਤੇ ਰਾਜ
ਆਗਜਾ ਲਿਖੀ ਗਈ ਹੈ, ਦੇਖ! ਪਰਮੇਸੁਰ ਦਿਆਂ ਜੀਆਂ
ਇਸੇ ਪ੍ਰਕਾਰ ਦਯਾ ਕੀਤਾ ਕਰੀਂ ॥

ਅਲਪਤਗੀਨ ਮਰ ਗਇਆ, ਤਾਂ ਉਸ ਦਾ ਪੁੱਤ੍ਰ ਉਸ ਦੀ
ਹੋਇਆ, ਪਰ ਉਹ ਮੁੰਡਾ ਸਾ, ਰਾਜ ਕਾਜ ਸੁਬਕਤਗੀਨ
ਹੀ ਹੱਥ ਰਿਹਾ, ਵਰ੍ਹੇ ਮਗਰੋਂ ਮੁੰਡਾ ਬੀ ਮਰ ਗਇਆ;
ਕਤਗੀਨ ਨੈ ਆਪਣੀਆਂ ਨੇਕੀਆਂ ਨਾਲ ਲੋਕਾਂ ਦਿਆਂ
ਾਂ ਵਿੱਚ ਵਾਸ ਕਰ ਰੱਖਿਆ ਸਾ, ਓੜਕ ਨੂੰ ਸਭਨਾਂ ਦੀ
ਨਾਹ ਨਾਲ ਹਾਕਿਮ ਹੋ ਗਇਆ, ਅਤੇ ਦੇਸ ਦਾ ਬੰਦੋ-
ਤ ਕਰਕੇ ਰਾਜ ਦਾ ਬਲ ਪ੍ਰਤਾਪ ਵਧਾਉਣ ਲੱਗਿਆ॥

ਇਸ ਸਮਯ ਬ੍ਰਾਹਮਣਾਂ ਦੀ ਵੰਸ ਵਿੱਚੋਂ ਜੈਪਾਲ ਨਾਮੇ
ਜਾ ਲਾਹੌਰ ਵਿਖੇ ਰਾਜ ਕਰਦਾ ਸਾ, ਜਾਂ ਉਸ ਨੈ ਮੁਸਲ-
ਨਾਂ ਦਾ ਬਲ ਹਿੰਦੁਸਤਾਨ ਦੀ ਵੱਲ ਵਧਦਾ ਡਿੱਠਾ, ਤਾਂ ਉਸ
ਡੱਕਣਾ ਚੰਗਾ ਜਾਤਾ, ਪੈਦਲਾਂ, ਸਵਾਰਾਂ ਅਤੇ ਹਾਥੀਆਂ
ਵਡੀ ਸੈਨਾ ਇਕੱਠੀ ਕੀਤੀ, ਅਤੇ ਵਡੀ ਧੂਮ ਧਾਮ ਨਾਲ
ਾਈ ਕਰਕੇ ਸੁਬਕਤਗੀਨ ਦੇ ਬੰਨੇ ਪੁਰ ਜਾ ਪੁੱਜਾ।
ਰੋਂ ਸੁਬਕਤਗੀਨ ਸੈਨਾ ਲੈਕੇ ਆਇਆ, ਲੜਾਈ ਲੱਗ
ੀ। ਸੰਜੋਗ ਨਾਲ ਉਨ੍ਹਾਂ ਹੀ ਦਿਨਾਂ ਵਿਖੇ ਵਡੀ ਬਰਖਾ ਹੋਣ
ੀ, ਅਤੇ ਠੰਡ ਅਜੇਹੀ ੜਿੱਖੀ ਪਈ, ਕਿ ਪਾਲੇ ਦੇ ਮਾਰੇ
ਾਂ ਵਿਖੇ ਰੱਤ ਜੰਮ ਗਈ, ਅਤੇ ਸਾਰੇ ਲੋਕ ਬੈਠੇ ਦੇ ਬੈਠੇ
ਗਏ, ਹਿੰਦੁਸਤਾਨ ਦਿਆਂ ਲੋਕਾਂ ਨੈ ਕਦੇ ਇਹ ਗੱਲ ਨਹੀਂ

ਦੇਖੀ ਸੀ, ਵਡੇ ਘਾਬਰੇ, ਅਤੇ ਜੀਉਣ ਤੇ ਹੱਥ ਧੋਤੇ॥

ਜੈਪਾਲ ਨੈ ਸੰਧਿ ਅਰਥਾਤ ਸੁਲਾ ਦਾ ਸਨੇਹਾ ਭੇਜਿ
ਸੁਬਕਤਗੀਨ ਨੂੰ ਉਨ੍ਹਾਂ ਪੁਰ ਤਰਸ ਆਇਆ, ਚਾਹਿਆ
ਸੁਲਾ ਕਰ ਲਏ, ਪਰ ਉਸ ਦਾ ਪੁੱਤ੍ਰ ਮਹਮੂਦ ਬੀ ਪਿ
ਨਾਲ ਸਾ, ਉਸ ਨੈ ਸਮਝਾਇਆ, ਕਿ ਠੰਡ ਦੀ ਅਤਿ ਅ
ਲਈ ਪਰਮੇਸੁਰ ਵੱਲੋਂ ਸਹਾਯਤਾ ਹੈ, ਜੰਗ ਮਾਰ ਚੁੱਕੇ
ਸਾਨੂੰ ਤਲਵਾਰ ਖਿੰਜਣ ਦੀ ਬੀ ਲੋੜ ਨਹੀਂ, ਜੇ ਵੈਰੀ
ਕਰਕੇ ਬਚ ਗਇਆ, ਤਾਂ ਇਹ ਧਨ ਅਤੇ ਰਾਜ ਦੇ ਪਦ
ਜੋ ਉਸ ਦੇ ਨਾਲ ਹਨ, ਐਵੇਂ ਹੱਥੋਂ ਜਾਂਦੇ ਹਨ। ਪਿਤ
ਪੁੱਤ੍ਰ ਦੀ ਗੱਲ ਮੰਨ ਲਈ, ਅਤੇ ਸੁਲਾ ਕਰਨੋਂ ਨਾਹ
ਦਿੱਤੀ। ਰਾਜੇ ਨੈ ਕਹਾ ਭੇਜਿਆ, ਕਿ ਆਪ ਨੂੰ ਹਿੰਦੁਸ
ਦਿਆਂ ਵਰਿਆਮਾਂ ਦੀ ਚਾਲ ਮਲੂਮ ਨਹੀਂ, ਜਾਂ ਏਹ ਜਾਂ
ਨਿਰਾਸ ਹੁੰਦੇ ਹਨ, ਤਾਂ ਜੋ ਕੁਝ ਕੋਲ ਹੁੰਦਾ ਹੈ, ਅੱਗ
ਝੋਕ ਦਿੰਦੇ ਹਨ, ਹੱਥੀਆਂ, ਘੋੜਿਆਂ, ਅਤੇ ਚੌਖੁਰਾਂ ਨੂੰ
ਕਰ ਦਿੰਦੇ ਹਨ, ਜਨਾਨੀਆਂ, ਅਤੇ ਬਾਲਾਂ ਬੱਚਿਆਂ ਨੂੰ
ਵਿਖੇ ਸਿੱਟਦੇ ਹਨ, ਫੇਰ ਅਜੇਹੇ ਲੜਦੇ ਹਨ, ਕਿ ਖੇਹ
ਮਿਲ ਜਾਂਦੇ ਹਨ, ਹੁਣ ਉਹੋ ਵੇਲਾ ਆ ਪੁੱਜਾ ਹੈ, ਸੁਲਾ
ਲਓ ਤਾਂ ਵਡੀ ਦਯਾ ਹੈ, ਨਹੀਤਾਂ ਪਛਤਾਓਗੇ, ਅਤੇ ਧਨ

ੀ ਥਾਂ ਸੁਆਹ ਦਾ ਢੇਰ ਪਾਓਗੇ। ਇਹ ਸੁਣਕੇ ਮਹਮੂਦ ੀ ਪਰਸੰਨ ਹੋ ਗਇਆ, ਅਤੇ ਇਸ ਗੱਲ ਪੁਰ ਸੁਲਾ ਠਹਰੀ, ੲ ਰਾਜਾ ਪੰਜਾਹ ਹਾਥੀ, ਬਹੁਤ ਸਾਰਾ ਰੁਪਈਆ, ਅਤੇ ਆਪ- ਾ ਕੁਝ ਦੇਸ ਦੇ ਦੇਵੇ॥

ਇਨ੍ਹਾਂ ਸਾਰੀਆਂ ਵਸਤਾਂ ਦੀ ਡੌਲ ਉੱਥੇ ਨਾ ਬਣ ਸਕਦੀ ।, ਰਾਜੇ ਨੈ ਕਿਹਾ, ਕਿ ਜੋ ਕੁਝ ਇੱਥੇ ਵਿਦਯਮਾਨ ਹੈ, ਸੋ ਲੈ ਓ, ਬਾਕੀ ਲਈ ਅਮੀਰ ਆਪਣਿਆਂ ਮਾਤਬਰਾਂ ਨੂੰ ਸਾਡੇ ਾਲ ਕਰ ਦੇਵੇ, ਲਾਹੌਰ ਪਹੁੰਚਕੇ ਸਾਰੀਆਂ ਗੱਲਾਂ ਪੂਰੀਆਂ ਹੋ ਾਣਗੀਆਂ, ਸੁਬਕਤਗੀਨ ਨੈ ਮੰਨ ਲਿਆ॥

ਜੈਪਾਲ ਨੈ ਲਾਹੌਰ ਵਿਖੇ ਆਕੇ ਬਚਨ ਪੂਰਾ ਕਰਨੋਂ ਨਾਂਹ ਤੀ, ਅਤੇ ਸੁਬਕਤਗੀਨ ਦਿਆਂ ਲੋਕਾਂ ਨੂੰ ਬੰਨ੍ਹ ਲਿੱਤਾ। ਜਾਂ ਬਕਤਗੀਨ ਨੂੰ ਇਹ ਗੱਲ ਪਹੁੰਚੀ, ਤਾਂ ਪਰਤੀਤ ਨਾ ਆਈ, ਤਕ ਨੂੰ ਜਾਂ ਇਹ ਗੱਲ ਠੀਕ ਮਲੂਮ ਹੋਈ, ਤਾਂ ਬਹੁਤ ਜਿਆ, ਅਤੇ ਫੌਜ ਲੈਕੇ ਉਧਿਰ ਨੂੰ ਮੂੰਹ ਕੀਤਾ। ਜੈਪਾਲ ਨੈ ਬੀ ਆਰੀ ਕੀਤੀ, ਹਿੰਦੁਸਤਾਨ ਦਿਆਂ ਸਾਰਿਆਂ ਰਾਜਿਆਂ ਵੱਲ ਠੀਆਂ ਲਿਖ ਭੇਜੀਆਂ। ਓਹ ਬੀ ਜਾਣਦੇ ਸੇ, ਕਿ ਪੰਜਾਬ ਸਾਡੇ ਸ ਦਾ ਬੂਹਾ ਹੈ, ਜੇ ਉਹ ਟੁੱਟਿਆ, ਤਾਂ ਸੁਖ ਨਹੀਂ, ਸਬਨਾਂ ਨੈ ਜਾਂ ਭੇਜੀਆਂ, ਖਜਾਨਿਆਂ ਅਤੇ ਅਸਬਾਬ ਦਾ ਪੁਲ ਬੰਨ੍ਹ

ਦਿੱਤਾ, ਇਸ ਪ੍ਰਕਾਰ ਹਿੰਦੂਆਂ ਦੀ ਅਣਗਿਣਤ ਸੈਨਾ
ਜੈਪਾਲ ਉਨ੍ਹਾਂ ਨੂੰ ਲੈਕੇ ਸੁਬਕਤਗੀਨ ਨਾਲ ਲੜਨ
ਤੁਰ ਪਿਆ। ਜਾਂ ਦੋਵੇਂ ਲਸ਼ਕਰ ਆਮਣੇ ਸਾਮਣੇ ਹੋਏ,
ਦਾ ਖੇਤ ਭੜਕਿਆ, ਦੋਹਾਂ ਪਾਸਿਆਂ ਦੇ ਵੀਰ ਆਪਣੇ
ਲਈ ਲੱਗੇ ਜਿੰਦਾਂ ਦੇਣ, ਹਿੰਦੂਆਂ ਦੀ ਫੌਜ ਸਵੇਰੇ ਤੋ
ਬਰਾਬਰ ਲੱਕ ਬੰਨ੍ਹੀ ਲੜ ਰਹੀ ਸੀ, ਦਿਹੁੰ ਢਲੇ ਇਨ੍ਹਾਂ
ਲਸ਼ਕਰ ਵਿਖੇ ਕੁਝ ਘਬਰਾਹਟ ਮਲੂਮ ਹੋਈ, ਇਸ
ਸੁਬਕਤਗੀਨ ਨੇ ਸਾਰੀ ਫੌਜ ਨੂੰ ਲੈਕੇ ਧਾਵਾ ਕੀਤਾ, ਜੈ
ਨੇ ਹਾਰ ਪਾਈ, ਅਤੇ ਫੌਜ ਦੇ ਪੈਰ ਅਜੇਹੇ ਉੱਖੜੇ, ਕਿ ਮੁੜ
ਜੰਮੇ, ਲੁੱਟ ਦਾ ਬਹੁਤ ਮਾਲ ਮੁਸਲਮਾਨਾਂ ਦੇ ਹੱਥ ਆਇਆ
ਸੁਬਕਤਗੀਨ ਵੀਹ ਵਰ੍ਹੇ ਰਾਜ ਕਰਕੇ ਜਗਤ ਤੇ ਵਿ
ਹੋਇਆ, ਅਤੇ ਘਰਾਣੇ ਵਿਖੇ ਰਾਜ ਦੀ ਨੀਂਹ ਧਰ ਗਿਆ

# ਸੁਲਤਾਨ ਮਹਮੂਦ ਗਜ਼ਨਵੀ

ਸੁਬਕਤਗੀਨ ਦੇ ਮਗਰੋਂ ਤਿਸ ਦਾ ਪੁੱਤ੍ਰ ਮਹਮੂਦ ਸਿੰ
ਪੁਰ ਬੈਠਿਆ, ਉਨ੍ਹਾਂ ਹੀ ਦਿਨਾਂ ਵਿਖੇ ਇੱਕ ਵੱਡਾ ਵਰਿ
ਅਤੇ ਪੁਰਾਣਾ ਸਰਦਾਰ ਸ਼ਾ, ਉਸ ਦੀਆਂ ਕਈਆਂ ਗੱਲਾਂ
ਮਹਮੂਦ ਨੂੰ ਕ੍ਰੋਧ ਆਇਆ, ਅਤੇ ਫੌਜ ਲੈਕੇ ਚੜ੍ਹ ਗਿ

ਬੁੱਢੇ ਸਰਦਾਰ ਨੈ ਸਾਮਣਾ ਕੀਤਾ, ਪਰ ਓੜਕ ਨੂੰ ਕੋਟ ਵਿਖੇ ਆਕੀ ਹੋਇਆ। ਮਹਮੂਦ ਨੈ ਘੇਰਾ ਪਾਇਆ, ਅਤੇ ਸਭਨਾਂ ਪਾਸਿਆਂ ਤੇ ਰਾਹ ਬੰਦ ਕਰ ਦਿੱਤੇ। ਇੱਕ ਦਿਨ ਰਣ ਵਿਖੇ ਆਕੇ ਗੜ੍ਹ ਪੁਰ ਧਾਵਾ ਕਰਨ ਦੀ ਆਗਯਾ ਦਿੱਤੀ, ਅਤੇ ਹਾਥੀਆਂ ਦਿਆਂ ਮੱਥਿਆਂ ਪੁਰ ਢਾਲਾਂ ਬੰਨ੍ਹਵਾਕੇ ਕਿਹਾ, ਕਿ ਦਰਵਾਜੇ ਪੁਰ ਠੇਲ ਦੇਓ, ਇੱਕ ਹਾਥੀ ਨੈ ਅਜੇ ਪਹਲੀ ਹੀ ਟੱਕਰ ਮਾਰੀ ਸੀ, ਕਿ ਸਰਦਾਰ ਘਾਬਰਕੇ ਨਿੱਕਲ ਆਇਆ, ਮਹਮੂਦ ਦੇ ਸਾਮਣੇ ਆਕੇ ਘੋੜੇ ਪੁਰੋਂ ਉੱਤਰ ਖਲੋਤਾ, ਆਪਣੀ ਧੌਲੀ ਦਾੜ੍ਹੀ ਉਸ ਦੇ ਘੋੜੇ ਦਿਆਂ ਸੁੰਬਾਂ ਪੁਰ ਮਲੀ, ਅਤੇ ਕਿਹਾ, ਕਿ ਹੇ ਸੁਲਤਾਨ! ਛਮਾ ਕਰ, ਜੋ ਕੁਝ ਮੈਂ ਕੀਤਾ, ਮਾੜਾ ਕੀਤਾ। ਮਹਮੂਦ ਨੂੰ ਸੁਲਤਾਨ ਦਾ ਸਬਦ ਚੰਗਾ ਲੱਗਾ, ਅਤੇ ਸੁਲਤਾਨ ਮਹਮੂਦ ਹੁਕਮਨਾਮਿਆਂ ਪੁਰ ਲਿਖੁਆਉਣ ਲੱਗਾ॥

ਭਾਵੇਂ ਅਲਪਤਗੀਨ ਦੇ ਵੇਲੇ ਤੇ ਗਜਨੀ ਰਾਜਧਾਨੀ ਦੀ ਥਾਂ ਰਹੀ, ਪਰ ਐਨੀ ਉੱਘੀ ਨਾ ਸੀ, ਮਹਮੂਦ ਦੀਆਂ ਸੱ ਤਾਂ ਨਾਲ ਉਸ ਨੈ ਅਜੇਹਾ ਨਾਉਂ ਪਾਇਆ, ਕਿ ਮਹਮੂਦ ਸਾ ਸੁਲਤਾਨ ਮਹਮੂਦ ਗਜਨਵੀ ਕਹਾਇਆ। ਮਹਮੂਦ ਨੈ ਦੁਸਤਾਨ ਦਾ ਪਾਠ ਜੋ ਪੇਉ ਕੋਲੋਂ ਪੜ੍ਹਿਆ ਸਾ, ਉਹ ਕਦੇ

ਨਾ ਭੁਲਾਇਆ, ਅਤੇ ਬਾਰ ਬਾਰ ਚੜ੍ਹਾਈ ਕੀਤੀ, ਇਸ
ਦੋ ਕਾਰਣ ਸੇ, ਪਹਲਾ ਇਹ, ਕਿ ਹਿੰਦੂਆਂ ਵਿਖੇ ਮਹੰਮ
ਮਤ ਫੈਲਾਏ, ਦੂਜਾ ਇਹ, ਕਿ ਹਿੰਦੁਸਤਾਨ ਦਾ ਧਨ ਅ
ਸੰਪਦਾ ਸਮੇਟਕੇ ਲੈ ਜਾਏ। ਹਰ ਵੇਲੇ ਇੱਥੇ ਧਨ ਦਾ ਪਰੋ
ਪਰੋਸਿਆ ਦਿੱਸਦਾ ਸਾ, ਜਾਂ ਸਮਯ ਦੇਖਿਆ, ਇਧਿਰ ਹੀ ਰ
ਆਇਆ, ਰੋਕ ਰੁਪਏ, ਜੁਆਹਰ, ਗਹਣੇ, ਭਾਰੇ ਭਾਰੇ ਬਸਤ੍ਰ
ਹਾਥੀ ਘੋੜੇ ਲੁੱਟ ਪੁੱਟਕੇ ਲੈ ਗਇਆ॥

ਇਸ ਨੇ ਹਿੰਦੁਸਤਾਨ ਪੁਰ ਸੋਲਾਂ ਸਤਾਰਾਂ ਵਾਰ ਧਾਵੇ ਕੀਤੇ
ਪਰ ਬਾਰਾਂ ਬਹੁਤ ਪਰਸਿੱਧ ਹਨ, ਵਡਾ ਜੰਗੀ ਧਾਵਾ ਸੋਮ
ਨਾਥ ਪਰ ਸਾ, ਇਹ ਨਗਰ ਸਮੁੰਦਰ ਦੇ ਕੰਢੇ ਵਸਦਾ ਸ
ਵਡਾ ਗਹਮਾ-ਗਹਮ, ਧਨ ਨਾਲ ਭਰਪੂਰ, ਉੱਚੇ ਕੋਟ
ਹੇਠਾਂ ਪਾਣੀ ਠਾਠਾਂ ਮਾਰਦਾ ਸਾ, ਅਤੇ ਉੱਚੀਆਂ ਉੱਚੀ
ਧੂਰਕੋਟਾਂ ਨਾਲ ਟੱਕਰ ਖਾਕੇ ਠਾਠਾਂ ਮਾਰਦਾ ਸਾ, ਗੜ੍ਹ
ਅੰਦਰ ਸੈਂਕੜਿਆਂ ਵਰ੍ਹਿਆਂ ਦਾ ਇੱਕ ਵਡਾ ਅਚਰਜ ਮੁੰ
ਅਤੇ ਵਡਾ ਲੰਮਾ ਚੌੜਾ ਮੰਦਿਰ ਸਾ, ਉਸ ਦੀ ਛੱਤ ਨੂੰ ਛਿਵੰ
ਕੌਲਿਆਂ ਨੇ ਥੰਮਿਆ ਹੋਇਆ ਸਾ, ਜੋ ਰੰਗ ਬਰੰਗੇ ਰਿ
ਅਤੇ ਜੁਆਹਰਾਂ ਦੀਆਂ ਵੇਲਾਂ ਬੂੱਟਿਆਂ ਨਾਲ ਜੜੇ ਹੋਏ
ਇਹੋ ਸੋਮਨਾਥ ਜੀ ਦਾ ਮੰਦਿਰ ਸਾ, ਉਸ ਵਿਖੇ ਰਾਤ ਦਿ

ਇੱਕ ਦੀਵਾ ਜਗਦਾ ਸਾ, ਉਸ ਦੀ ਲੋ ਰਤਨਾਂ ਪੁਰ ਪੈਂਦੀ ਸੀ, ਉਨ੍ਹਾਂ ਦੀ ਡਲਕ ਨਾਲ ਸਾਰਾ ਮੰਦਿਰ ਜਗਮਗ ਜਗ-ਮਗ ਕਰਦਾ ਸਾ, ਸੋਨੇ ਦੇ ਇੱਕ ਭਾਰੇ ਜੇਹੇ ਸੰਗੁਲ ਵਿਖੇ ਘੰਟੇ ਲਮਕਦੇ ਸੇ, ਪੂਜਾ ਦੇ ਵੇਲੇ ਉਸ ਨੂੰ ਹਿਲਾਉਂਦੇ ਸੇ, ਕਿ ਸਭਨਾਂ ਨੂੰ ਖਬਰ ਹੋ ਜਾਏ, ਦੋ ਸਹਸ੍ਰ ਬ੍ਰਾਹਮਣ ਪੁਜਾਰੀ ਸੇ, ਪੰਜ ਸੌ ਤ੍ਰੀਮਤਾਂ, ਤ੍ਰੈ ਸੌ ਪੁਰੁਖ ਗਾਉਣ ਬਜਾਉਣਵਾਲੇ ਸੇ, ਤ੍ਰੈ ਸੌ ਨਾਈ ਸੇ, ਜੋ ਯਾਤ੍ਰੀਆਂ ਦੇ ਭੱਦਣ ਕੀਤਾ ਕਰਦੇ ਸੇ, ਗ੍ਰਹਣ ਦੇ ਵੇਲੇ ਦੋ ਲੱਖਾਂ ਤੇ ਵਧੀਕ ਯਾਤ੍ਰੀ ਇਕੱਠੇ ਹੋ ਜਾਂਦੇ ਸੇ, ਰਾਜਿਆਂ ਨੈ ਜੋ ਪਿੰਡ ਮੰਦਿਰ ਦੇ ਨਾਲ ਕਰ ਦਿੱਤੇ ਸਨ ਸੋ ਦੋ ਹਜਾਰ ਦੇ ਲਗ-ਭਗ ਸੇ, ਰਾਜੇ, ਮਹਾਰਾਜੇ, ਆਪਣੀਆਂ ਪੁੱਤ੍ਰੀਆਂ ਟਹਲ ਲਈ ਭੇਜਦੇ ਸਨ, ਅਤੇ ਭੂਖਣ, ਰਤਣ, [illegible] ਭਾਰੇ ਬਸਤ੍ਰ ਚੜ੍ਹਾਵਾ ਚੜ੍ਹਾਉਂਦੇ ਸੇ, ਸੋ ਮੰਦਿਰ ਵਿਖੇ [illegible] ਧਨ ਸਾ, ਕਿ ਜਿਸ ਦੀ ਕਾਈ ਗਿਣਤੀ ਮਿਣਤੀ [illegible] ਸੀ॥

ਮਹਮੂਦ ਨੈ ਸੂਰਮੇ ਸਵਾਰ, ਅਤੇ ਡਾਢੇ ਵਰਿਆਮ ਚੁਗਕੇ [illegible]ਕ ਸੈਨਾ ਬਣਾਈ, ਅਤੇ ਚੱਲ ਪਿਆ, ਹਜ਼ਾਰਾਂ ਮੁਸਲਮਾਨ [illegible]ਾਲ ਚੱਲੇ, ਜੋ ਨਿਰਾ ਦੀਨ ਦੇ ਨਾਉਂ ਉੱਤੇ ਤਲਵਾਰਾਂ [illegible]ਕਦੇ ਸੇ, ਅਤੇ ਆਪਣੇ ਮਜ਼ਹਬ ਦੇ ਕੰਮ ਵਿੱਚ ਆਪਣੀਆਂ

ਜਾੱਨਾਂ ਦਾ ਦੇਣਾ ਈਮਾਨ ਅਰਥਾਤ ਧਰਮ ਸਮਝਦੇ ਸਨ
ਰਾਹ ਵਿਖੇ ਥਲ ਆਏ, ਜਿੱਥੇ ਮਜਲਾਂ ਤਕ ਘਾ ਦਾ ਨਾਉਂ
ਅਤੇ ਜਲ ਦਾ ਪਤਾ ਹੀ ਨਾ ਸਾ, ਸਾਹ ਲਬਾਂ ਪੁਰ ਆ ਗਏ
ਜਿੰਦ ਨੱਕ ਆਈ; ਫੇਰ ਬੀ ਉਹ ਦਾਈਏ ਦਾ ਪੱਕਾ ਆਪਣੇ
ਗੱਲੋਂ ਨਾ ਭਵਿਆਂ, ਉੱਥੋਂ ਨਿੱਕਲਿਆ, ਅਤੇ ਜੰਗਲ
ਪਹਾੜ ਲੰਘਦਾ ਉੱਥੇ ਤੋੜ ਜਾ ਪੁੱਜਿਆ। ਇੱਥੇ ਕਈ ਰਾ
ਵੱਡੀਆਂ ਵੱਡੀਆਂ ਫੌਜਾਂ ਲੈਕੇ ਆਏ, ਅਤੇ ਰਣ ਭੜਕਿਆ
ਇਧਿਰ ਦੀਨ ਲੜਦਾ ਸਾ, ਉਧਿਰ ਧਰਮ ਸਾਮ੍ਹਣੇ ਆ
ਰਿਹਾ ਸਾ, ਹਿੰਦੂ, ਮੁਸਲਮਾਨ, ਐਂਨੇ ਘਾਇਲ ਹੋਏ,
ਹਜ਼ਾਰਾਂ ਹੀ ਖੇਤ ਪਏ, ਓੜਕ ਨੂੰ ਪੁਜਾਰੇ ਅਜੇਹੇ ਜਾਨ ਹੂਲ
ਲੜੇ ਕਿ ਮੁਸਲਮਾਨਾਂ ਦੇ ਜੀ ਘਟ ਗਏ, ਮਹਮੂਦ ਬੀ ਘਾਬ
ਗਿਆ, ਉਸ ਵੇਲੇ ਹੋਰ ਕੁਝ ਨਾ ਬਣ ਆਇਆ, ਫੌਜ
ਜੁਦਾ ਹੋਇਆ, ਧੂੜ ਦੇ ਵਿਛਾਉਣੇ ਪੁਰ ਸਿਰ ਰੱਖਿਆ, ਗ
ਪਰਮੇਸੁਰ ਤੇ ਪ੍ਰਾਰਥਨਾ ਕੀਤੀ, ਥੋੜੇ ਚਿਰ ਮਗਰੋਂ ਉੱਠਿ
ਸਿਪਾਹ ਦਾ ਮਨ ਵਧਾਇਆ, ਅਤੇ ਮਨ ਨੂੰ ਪਿਘਲਾਉ
ਵਾਲਿਆਂ ਦੁੱਖ ਦਿਆਂ ਝੇੜਿਆਂ ਨਾਲ ਕ੍ਰੋਧ ਵਿੱਚ ਲਿਅ
ਹੱਲੇ ਦੀ ਆਗਜਾ ਦਿੱਤੀ। ਮੁਸਲਮਾਨਾਂ ਨੇ ਝੱਟ ਤਲਵ
ਧੂਈਆਂ, ਅਤੇ ਘੋੜਿਆਂ ਨੂੰ ਉਡਾਕੇ ਵੈਰੀਆਂ ਪੁਰ ਟੁੱਟ ਪ

ਵਡਾ ਘੋਰ ਜੁੱਧ ਮਚਿਆ, ਓੜਕ ਨੂੰ ਮਹਮੂਦ ਦਾ ਪ੍ਰਤਾਪ ਆਪਣਾ ਕੰਮ ਕੱਢ ਗਿਆ, ਹਿੰਦੂ ਭੱਜੇ, ਅਤੇ ਮੁਸਲਮਾਨਾਂ ਦੀ ਜਯ ਹੋਈ, ਰਣ ਨੂੰ ਸੱਖਣਾ ਵੇਖਕੇ ਗੜ੍ਹਵਾਲਿਆਂ ਦਾ ਬੀ ਲੱਕ ਟੁੱਟ ਗਿਆ, ਗੜ੍ਹ ਦੇ ਦੂਜੇ ਪਾਸੇ ਸਮੁੰਦ੍ਰ ਵਿਖੇ ਬੇੜੀਆਂ ਲਿਆ ਰੱਖੀਆਂ ਸਨ, ਉਨ੍ਹਾਂ ਵਿੱਚ ਬੈਠੇ ਅਤੇ ਲੰਗਰ ਚੁੱਕ ਭੱਜੇ, ਨਗਰ, ਗੜ੍ਹ, ਮੰਦਿਰ ਅਤੇ ਸਾਰਾ ਧਨ ਮਹਮੂਦ ਦੇ ਹੱਥ ਆਇਆ॥

ਮਹਮੂਦ ਨੈ ਭਾਵੇਂ ਹਿੰਦੁਸਤਾਨ ਵਿੱਚ ਦੂਰ ਦੂਰ ਦੇ ਨਗਰ ਮਾਰੇ, ਪਰ ਇੱਥੇ ਰਹਣ ਦਾ ਮਨ ਨਾ ਕੀਤਾ, ਅਤੇ ਆਪਣੀ ਵੱਲੋਂ ਹਾਕਿਮ ਬੀ ਲਾਹੌਰ ਹੀ ਵਿੱਚ ਬਿਠਲਾਇਆ। ਹਿੰਦੁਸ-ਤਾਨ ਦੀ ਲੁੱਟ ਖੋਹ ਨਾਲ ਉਜਾੜ ਪਹਾੜੀ ਦੇਸ ਵਿਖੇ ਗਜਨੀ ਸ਼ਹਰ ਅਜੇਹਾ ਵਸਾਇਆ, ਕਿ ਜਾਦੂ ਦਾ ਰੂਪ ਦੱਸਦਾ ਸਾ, ਦੇਸ ਦੇਸ ਦੇ ਲੋਕ ਹਰ ਕਾਰ ਵਿਖੇ ਪੂਰੇ ਉੱਥੇ ਹਦਜਮਾਨ ਸੇ, ਇੱਕ ਕੋਟ ਬਣਾਇਆ, ਗੜ੍ਹ ਫੀਰੋਜਾ ਉਸ ਦਾ ਨਾਉਂ ਰੱਖਿਆ, ਉਸ ਦੇ ਚੀਨੀ ਕੰਮ ਦੇ ਅੱਗੇ ਜੁਆਹਰਾਂ ਦਾ ਰੰਗ ਬੀ ਫਿੱਕਾ ਪਰਤੀਤ ਹੁੰਦਾ ਸਾ, ਉਸ ਵਿਖੇ ਰਾਜ ਮੰਦਿਰ ਅਤੇਦਰ ਬਾਰ ਦੇ ਸਥਾਨ *ਪ੍ਰਸਤਾਨ ਦਿੱਸਦੇ ਸਨ। ਜਾਮਿਆ ਮਸਜਿਦ ਅਜੇਹੀ ਬਣਵਾਈ ਕਿ ਉਸ ਦੀ ਸਜਾ-

*ਪਰੀਆਂ ਦੇ ਘਰ

ਉਟ ਅਤੇ ਸੁੰਦਰਤਾ ਦੇ ਕਾਰਨ ਸਾਰੇ ਲੋਕ ਉਸਨੂੰ ਅ
ਫ਼ਲਕ ਅਰਥਾਤ ਸੁਰਗ ਦੀ ਰਾਣੀ ਕੰਹਦੇ ਸਨ, ਉਸ
ਇੱਕ ਪਾਸੇ ਇੱਕ ਪਾਠਸਾਲ਼ਾ ਅਜੇਹੀ ਹੀ ਖੁੱਲੀ ਅਤੇ ਅ
ਰਜ ਸੁੰਦਰ ਬਣੁਵਾਈ, ਉਸ ਦੀ ਪੁਸਤਕਾਲਯ ਨੂੰ ਦੁਰਲ
ਅਤੇ ਵਡਮੁੱਲੀਆਂ ਪੋਥੀਆਂ ਨਾਲ ਭਰਿਆ, ਵਿਦਵਾਨ ਅ
ਗੁਣੀ ਲੋਕ ਵਿੱਦਜਾ ਦੇ ਪ੍ਰਕਾਸ਼ ਨੂੰ ਫੈਲਾਉਣ ਲਈ ਥਿਰ
ਸੁਲਤਾਨ ਦੀ ਚੇਟਕ ਨਾਲ ਸਭਨਾਂ ਨੂੰ ਘਰਾਂ ਦੇ ਉਸਾ
ਅਤੇ ਸਿੰਗਾਰਨ ਦੀ ਰੀਝ ਹੋ ਗਈ, ਥੋੜ੍ਹਿਆਂ ਹੀ ਦਿਨਾਂ ਵਿ
ਵਡੀਆਂ ਵਡੀਆਂ ਸੁੰਦਰ ਹਵੇਲੀਆਂ ਬਣ ਗਈਆਂ, ਸੈਂ
ਮਸੀਤਾਂ, ਪਾਠਸਾਲ਼ਾਂ, ਸਰਾਵਾਂ, ਅਤੇ ਖਾਨਗਾਹਾਂ ਉ
ਗਈਆਂ, ਘਰ ਘਰ ਸਰਦਾਰੀ ਸੀ, ਅਤੇ ਧਨ ਦਾ ਪ੍ਰਵਾਹ
ਵਗਿਆ। ਇਸ ਦੇ ਰਾਜ ਵਿਖੇ ਗਜਨੀ ਨੂੰ ਵੇਖਕੇ ਹਿ
ਤਾਨ ਚੇਤੇ ਆਉਂਦਾ ਸਾ, ਕਿਉਂਕਿ ਜੋ ਕੰਗਾਲ ਸਾ, ਉ
ਘਰ ਵਿਖੇ ਥੀੜੇ ਚਾਰ ਦਾਸੀਆਂ, ਦਾਸ ਹਿੰਦੁਸਤਾਨੀ ਦ
ਵਿਖਾਲੀ ਦਿੰਦੇ ਸਨ, ਅਤੇ ਏਹੋ ਲੋਕ ਗਲੀਆਂ ਮਹੱਲਿ
ਵਿੱਚ ਫਿਰਦੇ ਦਿਖਾਈ ਦਿੰਦੇ ਸੇ। ਗਜਨੀ ਦਿਆਂ ਬ
ਵਿੱਚ ਇੱਕ ਇੱਕ ਬੰਦਾ ਰੱਬ ਦਾ ਦੋ ਦੋ ਰੁਪਈਆਂ ਨੂੰ
ਗਇਆ॥

ਮਹਮੂਦ ਧਨ ਨੂੰ ਅਜੇਹਾ ਪਿਆਰਾ ਜਾਣਦਾ ਸਾ, ਕਿ ਹਰ ਪੁਸਤਕ ਵਿਖੇ ਉਸ ਦੀ ਨਿੰਦਾ ਹੈ। ਓੜਕ ਦੀ ਅਵਸ੍ਥਾ ਵੱਚ ਸੁਣਿਆ, ਕਿ ਇੱਕ ਜਣਾ ਅਤਿ ਹੀ ਧਨੀ ਹੈ, ਉਸਨੂੰ ਪਕੜੁਵਾ ਮੰਗਾਇਆ। ਉਹ ਵਿਚਾਰਾ ਆਇਆ, ਸਾਮਣੇ ਹੋਇਆ, ਤਾਂ ਮਹਮੂਦ ਨੈ ਕਿਹਾ ਅਸਾਂ ਸੁਣਿਆ ਹੈ, ਕਿ ਤੂੰ ਅਧਰਮੀ ਅਤੇ ਦੁਰਾਚਾਰੀ ਹੈਂ। ਉਸ ਨੈ ਬਿਨਤੀ ਕੀਤੀ, ਕਿ ਇਹ ਦਾਸ ਇਸ ਅਪਰਾਧ ਤੇ ਸਰਪਰ ਸੁੱਧ ਹੈ, ਹਾਂ ਇਹ ਦੋਖ ਹੈ, ਜੋ ਧਨ ਬਹੁਤ ਹੈ, ਆਪ ਇਹ ਸਬ ਲਓ, ਪਰ ਮੈਨੂੰ ਕਲੰਕੀ ਨਾ ਕਰੋ। ਮਹਮੂਦ ਨੈ ਉਸਦਾ ਧਨ ਅਤੇ ਮਾਲ ਸਰਕਾਰੀ ਖਜਾਨੇ ਵਿਖੇ ਰਖੁਵਾ ਦਿੱਤਾ, ਅਤੇ ਲਿਖ ਦਿੱਤਾ ਕਿ ਇਹ ਮਨੁੱਖ ਵਡਾ ਧਰਮਾਤਮਾ ਹੈ॥

ਏਨਾਂ ਲੱਛਣਾਂ ਪੁਰ ਬੀ ਕਦੇ ਕਦੇ ਬਾਦਸ਼ਾਹੀ ਦਿਲੇਰੀ ਲਦਾ ਸਾ, ਜਿਹਾਕਿ ਇੱਕ ਗੜ੍ਹੀ ਬਿਲੋਚਾਂ ਨੈ ਲੈ ਲਈ, ਉਸ ਵਿਖੇ ਬੈਠਕੇ ਬਟ ਮਾਰਣ ਲੱਗੇ। ਇਕੇਰਾਂ ਇੱਕ ਸੰਗ ਇਆ, ਅਤੇ ਉਸ ਵਿਖੇ ਇੱਕ ਗਭਰੂ ਜੁਆਨ ਫੱਟਿਆ ਇਆ, ਉਸ ਦੀ ਬੁੱਢੀ ਮਾਂ ਰੋਂਦੀ ਕੁਰਲਾਉਂਦੀ ਮਹਮੂਦ ਦੇ ਬਾਰ ਵਿਖੇ ਆਈ, ਅਤੇ ਪੁਕਾਰ ਕਰਨ ਲੱਗੀ। ਮਹਮੂਦ ਕਿਹਾ, ਕਿ ਮੈਂ ਕੀ ਕਰਾਂ? ਅਜੇਹਿਆਂ ਦੂਰ ਦੂਰ ਦਿਆਂ

ਏਸਾਂ ਵਿਖੇ ਕਿੱਕੁਰ ਪੂਰਾ ਪੂਰਾ ਯਤਨ ਹੋ ਸਕਦਾ ਹੈ? !
ਨੇ ਕਿਹਾ, ਕਿ ਹੇ ਸੁਲਤਾਨ! ਜੇ ਤੇਰੇ ਕੋਲੋਂ ਜਤਨ ਨਾ
ਸਕਦਾ, ਤਾਂ ਐਡੇ ਵੱਡੇ ਦੇਸ ਦਾ ਰਾਜ ਕਿਉਂ ਲੈ ਰੱਖਿਆ ਹੈ
ਮਹਮੂਦ ਕੋਲੋਂ ਕੋਈ ਉੱਤਰ ਨਾ ਬਣ ਆਇਆ, ਉਸੇ ਵੇ
ਆਗਜਾ ਦਿੱਤੀ ਕਿ ਫੌਜ ਜਾਕੇ ਧਾੜਵੀਆਂ ਕੋਲੋਂ ਗੜ੍ਹੀ
ਲਏ, ਅਤੇ ਜਦ ਤਕ ਗੜ੍ਹ ਜਿੱਤਿਆ ਨਾ ਜਾਏ, ਜੋ
ਜਾਏ, ਉਸ ਦੇ ਬਚਾਉ ਲਈ ਘੋੜਚੜ੍ਹਿਆਂ ਦਾ ਇੱਕ ਰਸ
ਜਾਇਆ ਕਰੇ॥

ਇੱਕ ਵਾਰ ਕਿਸੇ ਦੇਸ ਉੱਤੇ ਉਸ ਨੇ ਚੜ੍ਹਾਈ ਕੀਤ
ਇੱਕ ਛੋਟੀ ਅਵਸਥਾ ਦਾ ਮੁੰਡਾ ਉਸ ਦੇਸ ਦਾ ਅਧਿਕਾਰੀ
ਅਤੇ ਤਿਸ ਦੀ ਮਾਂ ਰਾਜ ਕਰਦੀ ਸੀ। ਜਾਂ ਉਧਿਰ ਮਹ
ਦੀ ਫੌਜ ਦੀ ਚੜ੍ਹਾਈ ਦੀ ਖਬਰ ਧੁੰਮ ਗਈ, ਬੁੱਧਿਮ
ਤ਼ੀਮਤ ਨੇ ਕਹਾ ਭੇਜਿਆ, ਕਿ ਜੇ ਸੁਲਤਾਨ ਨੇ ਮੇਰੇ
ਜਯ ਪਾਈ, ਤਾਂ ਜਿੱਥੇ ਜਿੱਥੇ ਆਪਣੀ ਜਯ ਦਾ ਪੜ ਲਿ
ਗਾ, ਉਨ੍ਹਾਂ ਵਿੱਚ ਇਹੋ ਲਿਖੇਗਾ, ਕਿ ਮੈਂ ਇੱਕ ਬਿਧਵਾ ਇ
ਤ਼ੀ ਦਾ ਦੇਸ ਖੋਹ ਲਿਆ, ਪਰ ਜੇ ਹਾਰ ਪਾਈ, ਤਾਂ ਕ
ਨਿਮੋਸੀ ਹੋਇਗੀ, ਹਾਂ, ਜੇ ਮੇਰਾ ਦੇਸ ਬਣਿਆ ਤਣਿਆ ਰੱ
ਆ, ਤਾਂ ਸਭ ਕਹਣਗੇ, ਕਿ ਰਾਜ ਦਾਨ ਕੀਤਾ। ਮ

ਸਮਝ ਗਇਆ, ਅਤੇ ਉਧਿਰ ਦਾ ਧਯਾਨ ਛੱਡ ਦਿੱਤਾ॥

ਇਸ ਨੈ ਬਾਹਲਿਆਂ ਵਿਦਵਾਨਾਂ ਅਤੇ ਗੁਣੀਆਂ ਨੂੰ ਗਜਨੀ ਵਿਖੇ ਵਸਾਇਆ, ਛੰਦ ਅਤੇ ਕਾਵ੍ਯ ਦੀ ਬਹੁਤ ਚਾਹ ਰੱਖਦਾ ਸਾ, ਪਰ ਫਿਰਦੌਸੀ ਲਈ ਜੋ ਕੁਝ ਕੀਤਾ, ਉਸ ਤੇ ਗੁਣ-ਗਾਹਕੀ ਦੇ ਨਾਉਂ ਨੂੰ ਕਲੰਕ ਲੀਤਾ। ਕੈਹਦੇ ਹਨ, ਕਿ ਜਿਸ ਵੇਲੇ ਉਸ ਨੂੰ ਸ਼ਾਹਨਾਮੇ ਦੇ ਰਚਨ ਦੀ ਆਗਯਾ ਦਿੱਤੀ, ਤਾਂ ਛੰਦ ਪਰਤੀ ਮੁਹਰ ਦੇਣ ਦੀ ਪ੍ਰਤਿਗਯਾ ਕੀਤੀ। ਉਹ ਵਿਚਾਰਾ ਲਿਖਦਾ ਲਿਖਦਾ ਬੁੱਢਾ ਹੋ ਗਇਆ, ਜਾਂ ਤੀਹਾਂ ਵਰ੍ਹਿਆਂ ਮਗਰੋਂ ਸੱਠ ਹਜਾਰ ਛੰਦਾਂ ਦੀ ਪੁਸਤਕ ਲਿਖਕੇ ਸਾਮਣੇ ਕੀਤੀ, ਤਾਂ ਮੋਹਰ ਦੀ ਥਾਂ ਰੁਪਈਆ ਦੇਣਾ ਚਾਹਿਆ। ਫਿਰਦੌਸੀ ਨੂੰ ਆਪਣੀ ਮਿਹਨਤ ਦੇ ਨਾਸ ਹੋਣ ਦਾ ਵਡਾ ਕਲੇਸ ਹੋਇਆ, ਮਹਮੂਦ ਦੀ ਨਿੰਦਾ ਲਿਖਕੇ ਮਨ ਦੀ ਕੁਝਕ ਹਵਾੜ ਕੱਢੀ, ਅਤੇ ਉੱਥੋਂ ਦੌੜ ਗਇਆ। ਥੋੜਿਆਂ ਦਿਨਾਂ ਮਗਰੋਂ ਦਰਬਾਰ ਵਿਖੇ ਕਿਸੇ ਨੈ ਉਸ ਦਾ ਛੰਦ ਠੀਕ ਵੇਲੇ ਸਿਰ ਪੜ੍ਹਿਆ। ਮਹਮੂਦ ਦੇ ਕਲੇਜੇ ਪੁਰ ਤੀਰ ਲੱਗਿਆ, ਅਤੇ ਅਰਮਾਨ ਆਇਆ, ਉਸੇ ਵੇਲੇ ਆਗਯਾ ਦਿੱਤੀ, ਕਿ ਲੇਖੇ ਨਾਲ ਜੋ ਹੋਏ, ਰੋਕ ਰੁਪਏ ਉਸ ਨੂੰ ਭੇਜ ਦੇਓ। ਅਰ-ਮਾਨ ਇਹ ਹੈ, ਕਿ ਜਾਂ ਮਹਮੂਦ ਦੇ ਨੌਕਰ ਏਹ ਰੁਪਏ ਲੈਕੇ

ਉਸ ਦੇ ਨਗਰ ਦੇ ਦੁਆਰ ਪੁਰ ਪੁੱਜੇ, ਅੱਗੇ ਇੱਕ ਨੜ੍ਹੋਆ
ਚਲਿਆ ਆਉਂਦਾ ਸਾ, ਪੁੱਛਣ ਤੇ ਮਲੂਮ ਹੋਇਆ, ਕਿ ਫਿਰ
ਦੌਸੀ ਮਰ ਗਇਆ, ਇਹ ਉਸੇ ਦੀ ਲੋਥ ਹੈ॥

ਹੁਣ ਉਹ ਦਿਨ ਆ ਗਇਆ, ਕਿ ਇਸ ਪ੍ਰਤਾਪਵਾਨ
ਸੁਲਤਾਨ ਨੂੰ ਜਗਤ ਤੇ ਵੱਖਰਾ ਹੋਣਾ ਪਿਆ, ਉਸ ਵੇਲੇ
ਅੱਖਾਂ ਖੁਲ ਗਈਆਂ, ਕਿ ਜੋ ਸੰਪਦਾ ਹਜਾਰਾਂ ਟੱਬਰਾਂ ਨੂੰ
ਉਜਾੜਕੇ ਸਮੇਟੀ ਸੀ, ਸਾਰੀ ਇੱਥੇ ਹੀ ਛੱਡਣੀ ਪਏਗੀ
ਹਾਇ! ਕੇਹਾ ਪ੍ਰਤਾਪਵਾਨ ਪੁਰਖ ਹੋਇ, ਜੋ ਜਗਤ ਵਿੱ
ਰਹਕੇ, ਜਗਤ ਦੀ ਸੰਪਦਾ ਨਾਲ ਨੇਹੁ ਲਾਉਂਦਾ ਹੈ, ਉਸ ਨੂੰ
ਕੇਹੇ ਦੁੱਖ ਨਾਲ ਉਸ ਕੋਲੋਂ ਵਿਛੜਨਾ ਪੈਂਦਾ ਹੈ। ਤਰੇਹਠ
ਵਰ੍ਹਿਆਂ ਦੀ ਉਮਰ ਸੀ, ਜੋ ਡਾਢਾ ਮਾਂਦਾ ਹੋਇਆ, ਜੀਉਣ
ਦੀ ਆਸ ਨਾ ਰਹੀ, ਤਾਂ ਦਰੋਗਿਆਂ ਅਤੇ ਖਜਾਨਚੀਆਂ ਨੂੰ
ਆਗਯਾ ਦਿੱਤੀ, ਕਿ ਰੁਪਯਾਂ ਅਤੇ ਮੋਹਰਾਂ ਦੀਆਂ ਬੋਰੀਆਂ
ਗਹਣੇ ਅਤੇ ਰਤਨ ਜੁਆਹਰ, ਭਾਰੇ ਭਾਰੇ ਬਸਤਰ, ਬਾਦ
ਸ਼ਾਹੀ ਪੁਸ਼ਾਕਾਂ, ਅਤੇ ਜੋ ਜੋ ਸਮਯ ਦੇ ਅਚਰਜ ਪਦਾਰਥ
ਇਕੱਠੇ ਕੀਤੇ ਹਨ, ਮੇਰਿਆਂ ਨੇਤ੍ਰਾਂ ਦੇ ਸਾਮਣੇ ਲਿਆਓ
ਉਨ੍ਹਾਂ ਨੇ ਮਹਲ ਦੇ ਵੇਹੜੇ ਨੂੰ ਸਜਾਕੇ ਅਜਾਇਬ-ਘਰ ਬ
ਦਿੱਤਾ, ਖਜਾਨਚੀ ਇੱਕ ਇੱਕ ਵਸਤੁ ਵਿਖਾਲਦਾ ਸਾ, ਉ

ਅਰਮਾਨ ਨਾਲ ਵੇਖਦਾ ਸਾ, ਅਤੇ ਭੁੱਭਾਂ ਮਾਰ ਮਾਰ ਰੋਂਦਾ ਸਾ। ਦੂਜੇ ਦਿਨ ਆਗਯਾ ਦਿੱਤੀ ਕਿ ਚੁਗਾਨ ਵਿਖੇ ਮੇਰਿਆਂ ਆਪਣਿਆਂ ਸਾਰਿਆਂ ਹਾਥੀਆਂ ਘੋੜਿਆਂ, ਅਤੇ ਊਟਾਂ ਨੂੰ ਸਾਜ, ਹਾਰ ਹਮੇਲਾਂ ਨਾਲ ਸਿੰਗਾਰਕੇ ਲੈ ਆਓ। ਮਹਮੂਦ ਪਾਲਕੀ ਵਿਖੇ ਲੇਟਕੇ ਆਇਆ, ਅਤੇ ਚਿਰ ਤਕ ਵੇਂਹਦਾ ਰਿਹਾ, ਫੇਰ ਰੋਂਦਾ ਕੁਰਲਾਉਂਦਾ ਮਹਲਾਂ ਨੂੰ ਚਲਿਆ ਗਇਆ। ਵੱਡੇ ਵੱਡੇ ਬਹਾਦੁਰ ਸਰਦਾਰ ਅਤੇ ਜਾਨ-ਵਾਰਨਹਾਰ, ਜੋ ਜਾਨਾਂ ਹੀਲਕੇ ਲੜਾਈ ਵਿਖੇ ਉਸ ਦੇ ਨਾਲ ਹੀ ਰੇਂਹਦੇ ਸੇ, ਇਸ ਵੇਲੇ ਰਤੀ ਭਰ ਸੰਗ ਨਹੀਂ ਕਰ ਸਕਦੇ ਸੇ, ਓੜਕ ਨੂੰ ਜਿਕੁਰ ਸੱਖਣੇ ਹੱਥ ਆਇਆ ਸਾ, ਉਸੇ ਪ੍ਰਕਾਰ ਸੱਖਣੀ ਹੱਥੀਂ ਜਗਤ ਤੇ ਵਿਦਿਆ ਹੋਇਆ॥

## ਜ਼ਹੀਰੁੱਦੀਨ ਬਾਬਰ ਬਾਦਸ਼ਾਹ ਦੀ ਵਾਰਤਾ॥

ਮਹਮੂਦ ਦੇ ਮਰਦੇ ਸਾਰ ਉਸ ਦੇ ਵੰਸ ਵਿਖੇ ਘਾਟਾ ਹੋਣ ...ਗਾ, ਅਤੇ ਓੜਕ ਨੂੰ ਗਜਨੀ ਅਤੇ ਪੰਜਾਬ ਬੀ ਹੱਥੋਂ ...ਂਦਾ ਰਿਹਾ, ਫੇਰ ਮੁਸਲਮਾਨਾਂ ਦੇ ਹੋਰ ਬਾਦਸ਼ਾਹ ਹੋਏ, ਉਨ੍ਹਾਂ

ਨੈ ਹਿੰਦੁਸਤਾਨ ਦੇ ਵੱਡੇ ਵੱਡੇ ਸੂਬੇ ਮਾਰੇ, ਦਿੱਲੀ ਵਿਖੇ ਆਪ
ਣਾ ਰਾਜ ਬਿਠਾਯਾ, ਅਤੇ ਕਈ ਕਈ ਪੀੜੀਆਂ ਰਾਜ ਕਰਕੇ,
ਪਰਲੋਕ ਨੂੰ ਸਿਧਾਰੇ। ਚਿਰ ਤਕ ਏਹੋ ਵਰਤਾਰਾ ਵਰਤਦਾ ਰਿਹਾ,
ਕਿ ਅਮੀਰ ਤੈਮੂਰ ਤੁਰਕਸਤਾਨ ਤੇ ਆਇਆ, ਪੰਜਾਬ ਨੂੰ
ਜਿੱਤਕੇ ਦਿੱਲੀ ਪੁੱਜਾ, ਉਸ ਨੂੰ ਲੁੱਟਿਆ, ਅਤੇ ਸਭ ਪੁਰ ਤਲਵਾਰ
ਚਲਾਈ, ਪਰ ਅਨ੍ਹੇਰੀ ਵਾਕਰ ਆਇਆ, ਅਤੇ ਵਾਉਵਰੋਲੇ
ਵਾਕਰ ਗਇਆ, ਉਸ ਦੇ ਜਾਣ ਤੇ ਮਗਰੋਂ ਦਿੱਲੀ ਵਿਖੇ
ਇੱਕ ਟੱਬਰ ਹੋਰ ਬਣਕੇ ਬਿਗੜ ਗਇਆ, ਦੂਜਾ ਅਜੇ ਹੈ
ਹੀ ਸਾ, ਕਿ ਤੈਮੂਰ ਦੇ ਵੰਸ ਵਿੱਚੋਂ ਬਾਬਰ ਬਾਦਸ਼ਾਹ ਤੁਰਕ
ਸਤਾਨ ਵਿਖੇ ਉੱਗਮਿਆ, ਅਤੇ ਦਿੱਲੀ ਪੁਰ ਫੌਜ ਲੈਕੇ
ਆਇਆ, ਹਿੰਦੁਸਤਾਨ ਵਿਖੇ ਚੁਗੱਤਿਆਂ ਦਾ ਰਾਜ ਉਸੇ
ਪੱਕਾ ਕੀਤਾ, ਹੁਣ ਰਤੀ ਬਾਬਰ ਦਾ ਹਾਲ ਸੁਣੋ॥

ਇਹ ਬਾਦਸ਼ਾਹ ਬਾਰਾਂ ਵਰ੍ਹਿਆਂ ਦੀ ਅਵਸਥਾ ਵਿਖੇ ਗੱ
ਪੁਰ ਬੈਠਿਆ, ਅਤੇ ਵਡੇ ਉੱਦਮ ਅਰ ਵਰਿਆਮੀ ਨ
ਰਾਜ ਦੇ ਭਾਰ ਨੂੰ ਥੰਮਿਆ, ਇਸ ਦਾ ਬ੍ਰਿਤਾਂਤ ਸੁਣਕੇ ਅਚ
ਆਉਂਦਾ ਹੈ, ਇੱਕ ਉਹ ਸਮਯ ਸਾ, ਕਿ ਜਦ ਬਾਬਰ ਦੇ
ਦਾ ਧੌਂਸਾ ਵੱਜ ਰਿਹਾ ਸਾ, ਲੱਖਾਂ ਪੁਰ ਕਲਮ ਸੀ, ਇੱਕ
ਵੇਲਾ ਆਇਆ, ਕਿ ਪਹਾੜਾਂ ਅਤੇ ਜੰਗਲਾਂ ਵਿਖੇ

ਚਲਿਆ ਜਾਂਦਾ ਹੈ, ਅਤੇ ਲੁਕਣ ਨੂੰ ਥਾਂਉਂ ਨਹੀਂ ਲੱਭਦਾ, ਥਾਈਆਂ ਵਰ੍ਹਿਆਂ ਤਕ ਉਪਿਰਲਿਆਂ ਦੇਸਾਂ ਵਿਖੇ ਤਲਵਾਰਾਂ ਚਲਾਈਆਂ, ਪਰ ਪ੍ਰਤਾਪ ਨੇ ਪੱਲਾ ਨਾ ਫੜਾਇਆ, ਓੜਕ ਨੂੰ ਹਿੰਦੁਸਤਾਨ ਦਾ ਧਯਾਨ ਆਇਆ, ਇਸ ਪੁਰ ਇਹ ਦਾਵਾ ਕੀਤਾ, ਕਿ ਮੇਰਿਆਂ ਵੱਡਿਆਂ ਦਾ ਮੌਰੂਸੀ ਦੇਸ ਹੈ, ਅਰਥਾਤ ਅਮੀਰ ਤੈਮੂਰ ਨੇ ਇਸ ਨੂੰ ਤਲਵਾਰ ਦੇ ਬਲ ਨਾਲ ਲਿੱਤਾ ਹੈ। ਸੁਲਤਾਨ ਇਬਰਾਹੀਮ, ਜੋ ਤਦੋਂ ਦਿੱਲੀ ਵਿਖੇ ਰਾਜ ਕਰਦਾ ਸਾ, ਵਡਾ ਬੇਤਰਸ, ਵੇਸਲਾ, ਅਤੇ ਅਚਿੰਤ ਸਾ, ਉਸ ਤੇਲੋਂ ਰਾਜ ਥੰਮਿਆਂ ਨਹੀਂ ਜਾਂਦਾ ਸਾ, ਦਰਬਾਰ ਦਿਆਂ ਕਈਆਂ ਅਮੀਰਾਂ ਨੇ ਬਾਬਰ ਨੂੰ ਬੁਲਾ ਭੇਜਿਆ। ਬਾਬਰ ਆਪ ਬੀ ਅਜੇਹੇ ਵੇਲੇ ਦੀ ਤਾਕ ਵਿਖੇ ਸਾ, ਫੌਜ ਲੈਕੇ ਤੁਰ ਪਿਆ, ਓੜਕ ਨੂੰ ਲੜਦਾ ਭਿੜਦਾ, ਪਾਣੀਪੱਤ ਦੇ ਚੁਗਾਨ ਵਿੱਚ ਆਇਆ, ਅਤੇ ਡੇਰੇ ਲਾ ਦਿੱਤੇ। ਇਬਰਾਹੀਮ ਇੱਕ ਲੱਖ ਤੇ ਵਧੀਕ ਲਸ਼ਕਰ ਅਤੇ ਹਜਾਰ ਜੰਗੀ ਹੱਥੀ ਲੈਕੇ ਦਿੱਲੀਓਂ ਨਿੱਕਲਿਆ। ਬਾਬਰ ਨਿਰਾ ਬਾਰਾਂ ਹਜਾਰ ਲਸਕਰ ਲੈਕੇ ਆਇਆ ਸਾ, ਓਹੋ ਲੈਕੇ ਸਾਮਣੇ ਹੋਇਆ, ਹਾਂ, ਇਸ ਨਾਲ ਤੋਪਖ਼ਾਨਾ ਸਾ, ਕਿ ਇਹ ਠਾਠ ਹੁਣ ਤਕ ਹਿੰਦੁਸ-ਤਾਨ ਦਿਆਂ ਖੇਤਾਂ ਵਿਖੇ ਨਾ ਬੱਝਾ ਸਾ, ਸੋ ਸਵੇਰ ਦਾ ਵੇਲਾ

ਸਾ, ਕਿ ਜੰਗ ਹੋਣ ਲੱਗਾ, ਦੁਪਹਰ ਢਲੇ ਤਕ ਖੇਤ ਭੜਕਦਾ ਰਿਹਾ, ਓੜਕ ਨੂੰ ਇਬਰਾਹੀਮ ਮਾਰਿਆ ਗਇਆ, ਅਤੇ ਬਾਬਰ ਦੀ ਜਿੱਤ ਹੋਈ, ਇਹ ਅਜੇਹਾ ਜੁੱਧ ਹੋਇਆ ਹੈ, ਕਿ ਅੱਜ ਤਕ ਇਸ ਦੀਆਂ ਵਾਰਾਂ ਚਲੀਆਂ ਆਉਂਦੀਆਂ ਹਨ। ਇਸ ਦੇ ਮਗਰੋਂ ਹੋਰ ਕਈ ਲੜਾਈਆਂ ਮਾਰੀਆਂ, ਜਿਸ ਤੇ ਰਾਜ ਦੇ ਪੈਰ ਜੰਮ ਗਏ॥

ਭਾਵੇਂ ਬਾਬਰ ਕਈ ਵਾਰ ਵੈਰੀਆਂ ਨਾਲ ਵਡੀ ਤੱਦੀ ਕਰਦਾ ਸਾ, ਪਰ ਫੇਰ ਛੇਤੀ ਢਲ ਜਾਂਦਾ ਸਾ, ਵਡਾ ਵਰਿਆਮ ਸਾ, ਡਰ ਦੇ ਵੇਲੇ ਘਾਬਰਦਾ ਨਾ ਸਾ, ਅਤੇ ਕਲੇਸ ਦੇ ਵੇਲੇ ਢੇਰੀ ਨਹੀਂ ਢਾਉਂਦਾ ਸਾ। ਇੱਕ ਲੜਾਈ ਵਿਖੇ ਵੈਰੀਆਂ ਦੀ ਭੀੜ ਦੇਖਕੇ ਸਰਦਾਰ ਘਾਬਰ ਗਏ, ਅਤੇ ਹਿੰਦੁਸਤਾਨ ਮੁੜਨ ਦੀ ਸਲਾਹ ਦਿੱਤੀ, ਵੱਡੀ ਔਖ ਇਹ ਹੋਈ, ਕਿ ਇ ਵੇਲੇ ਇੱਕ ਨਜੂਮੀ ਅਰਥਾਤ ਜੋਤਸੀ ਤੁਰਕਸਤਾਨ ਤੇ ਆ ਇਆ, ਉਸ ਨੈ ਕਿਹਾ, ਮੇਰੀ ਵਿੱਦਜਾ ਬੀ ਦੱਸਦੀ ਹੈ, ਕਿ ਇਸ ਯੁੱਧ ਵਿਖੇ ਵੈਰੀ ਦੀ ਜਿੱਤ ਹੋਇਗੀ, ਲੋਕ ਵਧੇ ਘਾਬਰੇ, ਪਰ ਬਾਬਰ ਆਪਣੇ ਦਾਈਏ ਪੁਰ ਪੱਕਾ ਰਿਹਾ, ਜਯ ਹੋਈ, ਤਾਂ ਉਸ ਨਜੂਮੀ ਨੂੰ ਬੁਲਾਇਆ, ਕੁਝਕ ਉ ਨੂੰ ਛਿੱਥਾ ਕੀਤਾ, ਕੁਝ ਝਿੜਕਿਆ, ਫੇਰ ਬੀ ਬਹੁਤ ਸ

ਧਨ ਦਿੱਤਾ ਅਤੇ ਕਿਹਾ, ਕਿ ਹੁਣ ਤੂੰ ਇੱਥੋਂ ਚਲਿਆ ਜਾਹ॥

ਬਾਬਰ ਵਡਾ ਉੱਦਮੀ, ਅਤੇ ਹਰ ਕਿਸੇ ਦੇ ਕੀਤੇ ਦਾ ਮੁੱਲ ਪਾਉਂਦਾ ਸਾ, ਕੀ ਭਾਈਚਾਰਾ, ਕੀ ਨੌਕਰ ਚਾਕਰ, ਜਦ ਉਹ ਤੇ ਮੂੰਹ ਮੋੜ ਜਾਂਦੇ, ਅਤੇ ਸ਼ਰਮਿੰਦੇ ਹੋਕੇ ਆਉਂਦੇ, ਤਾਂ ਓਵੇਂ ਅਪਰਾਧ ਛਮਾ ਕਰ ਦਿੰਦਾ, ਸਿੱਧਾ ਪੱਧਰਾ ਤੁਰਕ ਸਾ, ਅੰਦਰੋਂ ਬਾਹਰੋਂ ਇੱਕੋ ਜੇਹਾ, ਜੋ ਅੰਦਰ ਹੁੰਦਾ, ਸੋਈ ਮੂੰਹੋਂ ਕੈਂਹਦਾ, ਛਲ ਅਤੇ ਠੱਗੀ ਨਾਲ ਕੰਮ ਨਾ ਕੱਢਦਾ ਸਾ, ਨਜਾਇਵਾਨ ਸਾ, ਇਸੇ ਲਈ ਉਹਦੀ ਸੋਭਾ ਹੁੰਦੀ ਸੀ। ਇੱਕ ਵਾਰ ਬੁਪਾਰੀਆਂ ਦੀ ਟੋਲੀ ਕਿਸੇ ਦੂਰ ਦੇਸ ਤੇ ਇਸਦੇ ਰਾਜ ਵਿਖੇ ਪੁੱਜੀ, ਰਾਹ ਵਿੱਚ ਪਹਾੜਾਂ ਦੇ ਅੰਦਰ ਅਜੇਹੀ ਠੰਢ ਪਈ ਕਿ ਦੋ ਤੇ ਛੁੱਟ ਹੋਰ ਸਾਰੇ ਮਰ ਗਏ, ਬਾਬਰ ਨੈ ਸਭਨਾਂ ਦਾ ਬਲੇਵਾ ਕਢਾਇਆ, ਉਸ ਨੂੰ ਸਾਂਭਕੇ ਰੱਖਿਆ, ਅਤੇ ਉਨ੍ਹਾਂ ਦਿਆਂ ਦੇਸਾਂ ਵਿਖੇ ਮਨੁੱਖ ਭੇਜੇ, ਜਾਂ ਉੱਥੋਂ ਅਸਲੀ ਮਾਲਕ ਆਏ, ਤਾਂ ਗਿਣ ਗਿਣਕੇ ਉਨ੍ਹਾਂ ਦੇ ਪੱਲੇ ਪਾਇਆ॥

ਭਾਵੇਂ ਯੁੱਧ ਦੇ ਸਮਯ ਉਹ ਬਿਪਦਾ ਨੂੰ ਬਿਪਦਾ ਨਹੀਂ ਸਮਝਦਾ ਸਾ, ਪਰ ਜਾਂ ਰਤੀ ਬੀ ਇਨ੍ਹਾਂ ਝਗੜਿਆਂ ਤੇ ਛੁੱਟਦਾ ਤਾਂ ਇਸ ਪ੍ਰਕਾਰ ਜੀਉਣ ਦਾ ਲਾਭ ਲੈਂਦਾ ਸਾ, ਕਿ ਜੋ ਮਨ ਪਰਸੰਨ ਕਰਨ ਤੇ ਛੁੱਟ ਉਸ ਨੂੰ ਹੋਰ ਕੁਝ ਕੰਮ

ਹੀ ਨਹੀਂ ਸਾ। ਸ੍ਰਿਸਟ ਦੀ ਸੁੰਦਰਤਾ ਦਾ ਪਿਆਰਾ ਸਾ, ਗੁਲਾਬ ਦੇ ਫੁੱਲ ਅਤੇ ਫੁੱਲਾਂ ਦੀ ਬਾੜ੍ਹੀ, ਹਰਿਆਈ ਦੀ ਬਹਾਰ ਤੇ ਬਹੁਤ ਪਰਸੰਨ ਹੁੰਦਾ ਸਾ, ਹਰਿਆਂ ਹਰਿਆਂ ਪਰਬਤਾਂ, ਵਗ- ਦਿਆਂ ਸਰਾਂ ਦਿਆਂ ਕੰਢਿਆਂ ਪੁਰ ਮੰੜੀਆਂ ਨੂੰ ਨਾਲ ਲੈ ਬੈਠਦਾ ਸਾ, ਸ਼ਰਾਬ ਦੀ ਠੂੱਠੀ ਚਲਦੀ ਸੀ, ਛੰਦ ਪੜ੍ਹਦੇ ਸੇ, ਉਹ ਆਪ ਬੀ ਕਵਿ ਸਾ, ਤੁਰਕੀ ਦੀਵਾਨ ਪੂਰਾ ਵਿਦਯ- ਮਾਨ ਹੈ, ਕਦੇ ਕਦੇ ਫ਼ਾਰਸੀ ਛੰਦ ਬੀ ਬਣਾਉਂਦਾ ਸਾ, ਇਸ ਨੈ ਆਪਣੇ ਬ੍ਰਿਤਾਂਤ ਦੀ ਪੁਸਤਕ ਆਪ ਲਿਖੀ ਹੈ, ਉਸ ਤੇ ਪਰਤੀਤ ਹੁੰਦਾ ਹੈ, ਕਿ ਜਿੱਥੋਂ ਲੰਘਦਾ ਹੈ, ਉੱਥੇ ਦਾ ਰਤੀ ਬੀ ਚਮਤਕਾਰਾ ਨਹੀਂ ਛੱਡਦਾ, ਜੋ ਵੇਂਹਦਾ ਹੈ, ਲਿਖ ਦਿੰਦਾ ਹੈ। ਇੱਕ ਥਾਂ ਹਿੰਦੁਸਤਾਨ ਦਿਆਂ ਲੋਕਾਂ ਪੁਰ ਅਰਮਾਨ ਕਰਦਾ ਹੈ, ਅਤੇ ਕੰਹਦਾ ਹੈ, ਕਿ ਵਡੇ ਬੇ ਰਸੇ ਲੋਕ ਹਨ, ਸੰਜੋਗ ਨਾਲ ਨਦੀ ਦੇ ਕੰਢੇ ਪੁਰ ਇਨ੍ਹਾਂ ਦਾ ਡੇਰਾ ਹੋਇ, ਤਾਂ ਤੰਬੂ ਦੀ ਪਿੱਠ ਜਲ ਦੀ ਵੱਲ ਕਰਦੇ ਹਨ, ਸ੍ਰਿਸਟ ਦੀ ਰਚਨਾ ਦੀ ਸੋਭਾ ਦਾ ਰਤੀ ਅਸਰ ਇਨ੍ਹਾਂ ਦੇ ਮਨ ਵਿਖੇ ਨਹੀਂ ਹੈ॥

ਬਾਬਰ ਦੇ ਮਰਨ ਦੀ ਇੱਕ ਅਚਰਜ ਵਾਰਤਾ ਹੈ, ਥੋੜ੍ਹਿ- ਆਂ ਦਿਨਾਂ ਤੇ ਉਸ ਦਾ ਚਿੱਤ ਕੁਝ ਢਿੱਲਾ ਸਾ, ਉਨ੍ਹਾਂ ਹੀ ਦਿਨਾਂ ਵਿਖੇ ਉਸ ਦਾ ਪੁਤ੍ਰ ਹਮਾਯੂਨ ਬੀ ਡਾਢਾ ਮਾਂਦਾ ਪਿਆ, ਬਹੁ

ਉਪਾਯ ਕੀਤੇ, ਕੁਝ ਅਰਾਮ ਨਾ ਹੋਇਆ, ਓੜਕ ਨੂੰ ਗੁਣੀਆਂ ਅਤੇ ਪ੍ਰਧਾਨਾਂ ਦੀ ਸਭਾ ਵਿਖੇ ਇੱਕ ਜਣੇ ਨੈ ਬਾਦਸ਼ਾਹ ਨੂੰ ਆਖਿਆ, ਕਿ ਅਗਲਿਆਂ ਸਮਯਾਂ ਦਿਆਂ ਵਿਦਵਾਨਾਂ ਨੇ ਅਜੇਹੇ ਵੇਲੇ ਪੁਰ ਇਹ ਲਿਖਿਆ ਹੈ, ਕਿ ਜੋ ਵਸਤੁ ਬਹੁਤ ਹੀ ਪਿਆਰੀ ਹੋਇ, ਉਸ ਨੂੰ ਵਾਰਕੇ ਪਰਮੇਸੁਰ ਅੱਗੇ ਪ੍ਰਾਰਥਨਾ ਕਰੇ। ਬਾਬਰ ਨੈ ਕਿਹਾ ਕਿ ਹਮਾਯੂਨ ਨੂੰ ਸਭ ਤੇ ਪਿਆਰਾ ਮੈਂ ਹਾਂ, ਮੈਂ ਆਪਣੀ ਜਿੰਦ ਉਸ ਪੁਰੋਂ ਵਾਰਨਾ ਕਰਾਂਗਾ। ਮੰਤ੍ਰੀਆਂ ਨੈ ਪ੍ਰਾਰਥਨਾ ਕੀਤੀ, ਕਿ ਮਹਾਰਾਜ, ਇਹ ਕੀ ਬਚਨ ਕਰਦੇ ਹੋ, ਵੱਡਿਆਂ ਦਿਆਂ ਬਚਨਾਂ ਦਾ ਇਹ ਤਾਤਪਰਜ ਹੈ, ਕਿ ਜਗਤ ਦਿਆਂ ਪਦਾਰਥਾਂ ਵਿੱਚੋਂ ਜੋ ਵਸਤੁ ਚੰਗੀ ਅਤੇ ਵਡਮੁੱਲੀ ਹੋਏ, ਉਹ ਦੇਣੀ ਚਾਹੀਏ, ਇਸੇ ਲਈ ਉਹ ਦੁਰ-ਲੱਭ ਅਤੇ ਵਡਮੁੱਲਾ ਹੀਰਾ ਜੋ ਰਾਜਪੁਤ੍ਰ ਦੇ ਪਾਹ ਹੈ, ਉਸ ਨੂੰ ਮਹਾਰਾਜ ਵਾਰਨਾ ਕਰ ਦੇਣ। ਬਾਦਸ਼ਾਹ ਨੈ ਕਿਹਾ, ਕਿ ਜਗਤ ਦਾ ਧਨ ਹਮਾਯੂਨ ਦੇ ਅੱਗੇ ਕੀ ਵਸਤੁ ਹੈ, ਉਸ ਉੱਪਰੋਂ ਤਾਂ ਆਪਣੀ ਜਾਨ ਹੀ ਵਾਰਨੀ ਚਾਹੀਏ। ਸੋ ਪਰਮੇਸੁਰ ਅੱਗੇ ਪ੍ਰਾਰਥਨਾ ਕਰਕੇ ਉਸ ਦੇ ਪਲੰਘ ਦੀਆਂ ਤ੍ਰੈ ਪ੍ਰਕਰਮਾਂ ਲਈ-ਆਂ, ਅਤੇ ਇਹ ਸਮਝਕੇ, ਕਿ ਹੁਣ ਉਹਦਾ ਰੋਗ ਮੇਰੇ ਪੁਰ ਆ ਗਇਆ, ਕਿਹਾ, ਕਿ ਲੈਲਈ, ਲੈਲਈ! ਸੋ ਬਾਬਰ ਦਾ

ਦੁੱਖ ਪਲੋ ਪਲ ਵਧਣ ਲੱਗਿਆ ਅਤੇ ਹਮਾਯੂਨ ਦਾ ਕਸ਼ਟ ਘਟਣ ਲੱਗਾ, ਐਥੇ ਤਕ ਕਿ ਪੁਤ੍ਰ ਉੱਠ ਬੈਠਾ, ਅਤੇ ਪਿਤਾ ਮੌਤ ਦੇ ਵਿਛੌਣੇ ਪੁਰ ਜਾ ਸੁੱਤਾ॥

ਇਹ ਪ੍ਰਗਟ ਹੈ, ਕਿ ਮੂੰਹੋਂ ਕਹਣ ਤੇ ਇੱਕ ਦੀ ਮੌਤ ਦੂਜੇ ਨੂੰ ਆ ਨਹੀਂ ਚੰਬੜਦੀ, ਨਾ ਕਿਸੇ ਦੇ ਜਾਨ ਦੇਣ ਤੇ ਕਿਸੇ ਹੋਰ ਦੀ ਜਾਨ ਬਚ ਸਕਦੀ ਹੈ, ਪਰ ਜਦ ਉਸ ਨੇ ਇਸ ਪ੍ਰਕਾਰ ਕਿਹਾ, ਤਾਂ ਉਸ ਨੂੰ ਪੱਕਾ ਨਿਹਚਾ ਹੋ ਗਿਆ ਸਾ ਕਿ ਮੈਂ ਆਪਣੀ ਜਾਨ ਦੇ ਚੁੱਕਿਆ॥

ਦੇਖੋ, ਜਾਂ ਮਹਮੂਦ ਨੂੰ ਜਗਤ ਤੇ ਜਾਣਾ ਪਿਆ, ਤਾਂ ਆਪਣੇ ਧਨ ਸੰਪਦਾ ਪੁਰ ਕਿਹਾ ਧਾਹਾਂ ਮਾਰ ਮਾਰ ਰੋਂਦਾ ਗਿਆ, ਪਰ ਬਾਬਰ ਨੇ ਆਪਣੇ ਪਿਆਰੇ ਪੁਤ੍ਰ ਪੁਰ ਆਪਣੀ ਜਾਨ ਆਪ ਵਾਰ ਦਿੱਤੀ॥

# ਦਾਈ ਦਾ ਮੋਹ॥

ਚੁਗੱਤਿਆਂ ਦੇ ਵੰਸ ਦਿਆਂ ਬਾਦਸ਼ਾਹਾਂ ਨਾਲ ਰਾਜਪੂਤਾਂ ਦੇ ਬਹੁਤ ਵੱਡੇ ਵੱਡੇ ਜੁੱਧ ਹੁੰਦੇ ਰਹੇ ਹਨ, ਰਾਜਪੂਤ ਭਾਵੇਂ ਮੁਗਲਾਂ ਦੀ ਫੌਜ ਕੋਲੋਂ ਗਿਣਤੀ ਵਿੱਚ ਬਹੁਤ ਘੱਟ ਸਨ, ਪਰ ਆਪਣੇ ਦੇਸ ਨੂੰ ਆਪਣਿਆਂ ਹੱਥਾਂ ਵਿੱਚ ਰੱਖਣ ਲਈ

ਜਾਨਾਂ ਦਿੰਦੇ ਸਨ, ਅਤੇ ਆਪਣੇ ਵੰਸ ਦੇ ਨਾਉਂ ਉੱਤੇ ਸ਼ੇਰ ਵਾਕਰ ਲੜਦੇ ਮਰਦੇ ਸਨ, ਉਨ੍ਹਾਂ ਦੀ ਵਰਿਆਮੀ ਅਤੇ ਪੁਰੁਖਾਰਥ ਦੀਆਂ ਬਹੁਤ ਵਾਰਾਂ ਬਣੀਆਂ ਹੋਈਆਂ ਹਨ, ਪੁਰੁਖਾਂ ਦੀ ਤਾਂ ਕੇਹੜੀ ਗੱਲ ਹੈ, ਉਨ੍ਹਾਂ ਦੀਆਂ ਤ੍ਰੀਮਤਾਂ ਤੇ ਬੀ ਵੱਡੇ ਵੱਡੇ ਕੰਮ ਹੋਏ ਹਨ, ਓਹ ਵਰਿਆਮੀ ਅਤੇ ਪ੍ਰਤਿਗਜਾ ਪਾਲਣ ਵਿਖੇ ਆਪਣਿਆਂ ਪੁਰੁਖਾਂ ਦੇ ਮਗਰ ਮਗਰ ਸੀਆਂ। ਰਾਜ-ਪੂਤਾਨੇ ਵਿਖੇ ਰਾਣਾ ਉਦਯ ਸਿੰਹ ਮੇਵਾੜ ਦਾ ਰਾਜਾ ਸਾ, ਉਸ ਦਾ ਬ੍ਰਿਤਾਂਤ ਅਚਰਜ ਹੈ, ਦੇਖੋ, ਉਸ ਸਮਯ ਵਿਖੇ, ਕੀ ਪੁਰੁਖ, ਕੀ ਇਸਤ੍ਰੀ ਆਪਣੇ ਸਾਈਂ ਦੇ ਕੇਹੇ ਆਗਜਾਕਾਰ ਹੁੰਦੇ ਸੇ, ਅਤੇ ਬਿਪਦਾ ਦੇ ਵੇਲੇ ਕੇਹੇ ਪੂਰੇ ਦਰਦੀ ਸੇ॥

ਰਾਣਾ ਸਾਂਗਾ ਵਰ੍ਹਿਆਂ ਬੱਧੀ ਮੁਸਲਮਾਨਾਂ ਨਾਲ ਲੜਦਾ ਭਿੜਦਾ ਰਿਹਾ, ਉਨ ਆਪਣਾ ਰਾਜ ਰੱਖਣ ਲਈ ਅਜੇਹੀ ਵਰਿਆਮੀ ਨਾਲ ਤਲਵਾਰਾਂ ਮਾਰੀਆਂ, ਕਿ ਹੁਣ ਤਕ ਨਾਉਂ ਤੁਰਿਆ ਆਉਂਦਾ ਹੈ, ਉਸ ਤੇ ਮਗਰੋਂ ਬਿਕ੍ਰਮਾਜੀਤ ਤਿਸ ਦਾ ਪੁਤ੍ਰ ਉਸ ਦੀ ਥਾਂ ਗੱਦੀ ਪੁਰ ਬੈਠਾ, ਪਰ ਪੇਉ ਪੁਤ੍ਰ ਵਿਖੇ, ਧਰਤੀ ਅਕਾਸ ਦਾ ਭੇਦ ਸਾ, ਓੜਕ ਨੂੰ ਸਾਰੇ ਸਰਦਾਰ ਬਿਕ੍ਰ-ਮਾਜੀਤ ਦੇ ਨਿਕੰਮੇਪੁਣ ਤੇ ਜਿੱਚ ਹੋਕੇ ਬਿਗੜ ਗਏ, ਅਤੇ ਬਾਣ ਬੀਰ ਸਿੰਹ ਨੂੰ ਗੱਦੀ ਪੁਰ ਬਹਾ ਦਿੱਤਾ, ਉਨ੍ਹਾਂ ਦਿਨਾਂ

ਵਿਖੇ ਨਿਰਦਈਪੁਣੇ ਦਾ ਵਰਤਾਰਾ ਬਹੁਤ ਸਾ, ਬਾਣ ਬੀਰ ਨੇ ਚਾਹਿਆ ਕਿ ਅਸਲੀ ਵਾਰਸਾਂ ਨੂੰ ਮਾਰ ਸਿੱਟਾਂ, ਤਾਂ ਬੇ ਧੜਕੇ ਰਾਜ ਕਰਾਂ, ਸੋ ਇੱਕ ਦਿਨ ਬਿਕ੍ਰਮਾਜੀਤ ਦੁਪਹਰ ਦੇ ਵੇਲੇ ਮਹਲ ਵਿੱਚ ਸੁੱਤਾ ਪਿਆ ਸਾ, ਉਸ ਨੂੰ ਜਾ ਕੋਹਿਆ॥

ਇਸ ਉੱਤੇ ਤਾਂ ਇਹ ਬਲਾ ਪਈ, ਹੁਣ ਉਸ ਦੇ ਪੁਤ੍ਰ ਕੌਰ ਉਦਯ ਸਿੰਹ ਦੀ ਸੁਣੋ, ਕਿ ਉਹ ਅਤੇ ਉਸਦਾ ਨਿੱਕਾ ਜੇਹਾ ਕੋਕਾ (ਦਾਈ ਦਾ ਪੁਤ੍ਰ) ਮਹਲ ਵਿਖੇ ਕਿਸੇ ਹੋਰ ਥਾਂ ਸੁੱਤੇ ਪਏ ਸਨ, ਇੱਕ ਤ੍ਰੀਮਤ ਜੋ ਕੌਰ ਦੀ ਦਾਈ ਅਤੇ ਦੂਜੇ ਦੀ ਮਾਂ ਸੀ ਆਪਣਿਆਂ ਪਿਆਰਿਆਂ ਬੱਚਿਆਂ ਦੇ ਪਾਹ ਬੈਠੀ ਸੀ, ਇੱਕ ਪੱਸੇ ਮੇਵੇ ਦਾ ਟੋਕਰਾ ਅਤੇ ਕੁਝ ਬਚਿਆ ਖੁਚਿਆ ਭੋਜਨ ਪਿਆ ਸਾ, ਉਸ ਤੇ ਪਰਤੀਤ ਹੁੰਦਾ ਸਾ, ਕਿ ਕੁਝ ਖਾਕੇ ਦੋਵੇਂ ਅਜੇ ਹੁਣੇ ਸੁੱਤੇ ਹਨ, ਅਚਾਣਕ ਰਾਣੀਆਂ ਦੇ ਰੋਣ ਪਿੱਟਣ ਦਾ ਚੀਕ ਚਿਹਾੜਾ ਸੁਣਿਆ, ਦਾਈ ਸਮਝ ਗਈ, ਭਈ ਕੋਈ ਡਾਢੀ ਬਲਾ ਆਈ, ਹੱਕੀ ਬੱਕੀ ਹੋਈ ਬੈਠੀ ਸੀ, ਅਤੇ ਕੈਂਹਦੀ ਸੀ, ਦੇਖੀਏ, ਕੀ ਹੁੰਦਾ ਹੈ, ਐਂਨੇ ਨੂੰ ਇੱਕ ਨੌਕਰ ਜੂਠੇ ਭਾਂਡੇ ਲੈਣ ਆਇਆ, ਉਸ ਕੋਲੋਂ ਪੁੱਛਿਆ, ਸੁੱਖ ਤਾਂ ਹੈ? ਬੋਲਿਆ ਸੁੱਖ ਕੇਹੀ? ਵੈਰੀਆਂ ਨੇ ਰਾਣੇ ਦਾ ਕੰਮ ਪੂਰਾ ਕਰ ਦਿੱਤਾ। ਸੁਣਦੀ ਸਾਰ ਦਾਈ ਦੇ ਹੱਥ ਪੈਰ ਫੁੱਲ ਗਏ

ਅਜੇਹਾ ਡਰ ਛਾਇਆ ਕਿ ਵੱਢੋ ਤਾਂ ਦੇਹ ਵਿਖੇ ਰੱਤ ਨਹੀਂ, ਉਵੇਂ ਇਹ ਧਜਾਨ ਆਇਆ ਕਿ ਜਾਂ ਰਾਣਾ ਮਾਰਿਆ ਗਇਆ, ਤਾਂ ਕੌਰ ਕਦ ਬਚਿਆ? ਕਿਸੇ ਘੜੀ ਇਸ ਨੂੰ ਬੀ ਮਾਰ ਸਿੱਟਣਗੇ, ਕਿਸੇ ਜਤਨ ਨਾਲ ਤਿਸ ਦੀ ਜਾਨ ਬਚਾਈਏ, ਪਰ ਸੋਚ ਵਿਚਾਰ ਦਾ ਸਮਯ ਨਹੀਂ ਰਿਹਾ ਸਾ, ਡਰ ਸਾ, ਕਿ ਹੁਣੇ ਬੂਹਾ ਖੁਲ੍ਹਿਆ, ਅਤੇ ਉਹ ਹੱਤਿਆਰਾ ਅੰਦਰ ਆਇਆ। ਕੌਰ ਸੁੱਤਾ ਪਿਆ ਸਾ, ਦਾਈ ਨੈ ਅਡੋਲ ਕੁੱਛੜ ਚਾ ਲਿਆ, ਅਤੇ ਮੇਵੇ ਦੀ ਟੋਕਰੀ ਵਿਖੇ ਸੁਆ ਦਿੱਤਾ, ਉੱਤੋਂ ਪੱਤ੍ਰਾਂ ਨਾਲ ਕੱਜ ਦਿੱਤਾ, ਬੱਚਾ ਅਚੇਤ ਸੁੱਤਾ ਰਿਹਾ, ਦਾਈ ਨੈ ਨੌਕਰ ਨੂੰ ਕਿਹਾ, ਕਿ ਇਸ ਨੂੰ ਗੜ੍ਹੀ ਤੋਂ ਬਾਹਰ ਲੈ ਜਾਹ, ਅਤੇ ਛੇਤੀ ਨਾਲ ਉਸ ਦੀ ਥਾਂ ਆਪਣਾ ਪੁੱਤ੍ਰ ਸੁਆ ਦਿੱਤਾ॥

ਨੌਕਰ ਨਿੱਕਲਿਆ ਹੀ ਸਾ, ਕਿ ਉਹ ਹੱਤਿਆਰਾ ਰਾਣੇ ਦੀ ਰੱਤ ਨਾਲ ਹੱਥ ਲਾਲ ਕਰੀ ਆ ਪਹੁੰਚਿਆ, ਕੌਰ ਨੂੰ ਮਾਰ ਸਿੱਟਣ ਦੀ ਗੱਲ ਮਨ ਵਿਖੇ ਠਾਣੀ ਹੋਈ ਸੀ, ਦਾਈ ਕੋਲੋਂ ਪੁੱਛਿਆ, ਉਦਯ ਸਿੰਹ ਕਿੱਥੇ ਹੈ? ਵਿਚਾਰੀ ਦਾਈ ਦਾ ਮੂੰਹ ਬੰਦ ਹੋ ਗਇਆ, ਅਤੇ ਆਪਣੇ ਪੁੱਤ੍ਰ ਦੀ ਵੱਲ ਸੈਨਤ ਕੀਤੀ, ਅੰਦਰੋਂ ਤਾਂ ਕਲਪਦੀ ਸੀ, ਪਰ ਕੌਰ ਨੂੰ ਤੱਤੀ ਵਾਉ ਨਾ ਲੱਗਣ ਦਿੱਤੀ, ਸੈਨਤ ਦੇ ਨਾਲ ਹੀ ਹੱਤਿਆਰੇ ਨੇ ਉਸ

ਦੇ ਪਿਆਰੇ ਬੱਚੇ ਦਾ ਕਟਾਰੀ ਨਾਲ ਕੰਮ ਪੂਰਾ ਕਰ ਦਿੱਤਾ, ਮਾਂ ਦੇਖਦੀ ਹੀ ਰਹੀ ਅਤੇ ਹੂੰ ਨਾ ਕੀਤੀ, ਨਾ ਅੰਝੂ ਭਰੇ, ਅਜੇਹਾ ਨਾ ਹੋਏ, ਕਿ ਭੇਦ ਖੁਲ ਜਾਏ॥

ਮਮਤਾਵਾਨ ਦਾਈ ਨੇ ਬਲਿ ਦਿੱਤੀ, ਜਿਸ ਦੇ ਸੁਣਨ ਤੇ ਲੂਈਂ ਕੰਡਿਆਉਂਦੀ ਹੈ, ਪਰ ਕੌਰ ਦੀ ਜਾਨ ਬਚਾਈ, ਜਾਂ ਉਹ ਵੱਡਾ ਹੋਇਆ, ਤਾਂ ਉਸ ਦਿਆਂ ਪੁੱਤ੍ਰਾਂ ਵਿੱਚੋਂ ਪਰਤਾਪ ਸਿੰਹ ਇੱਕ ਅਜੇਹਾ ਮੁੰਡਾ ਨਿੱਕਲਿਆ, ਜੋ ਅਕਬਰ ਨਾਲ ਵਡੇ ਵਡੇ ਜੁੱਧ ਕਰਦਾ ਰਿਹਾ॥

## ਪਰਤਾਪ ਦੀ ਵਰਿਆਮੀ॥

ਦਾਈ ਦੀ ਮਮਤਾ ਨਾਲ ਉਦਯ ਸਿੰਹ ਦੀ ਜਾਨ ਬਚੀ, ਉਹ ਚਿਰ ਤਕ ਲੁਕਿਆ ਰਹਿਆ, ਅਤੇ ਰਾਜਪੂਤਾਂ ਵਿੱਚੋਂ ਥੋੜਿਆਂ ਨੂੰ ਹੀ ਇਹ ਗੱਲ ਮਲੂਮ ਸੀ, ਥੋੜਿਆਂ ਬਰਸਾਂ ਮਗਰੋਂ ਪਰਸਿੱਧ ਹੋ ਗਇਆ, ਕਿ ਰਾਜ ਦਾ ਸਾਈਂ ਜੀਉਂਦਾ ਹੈ, ਬਾਣ ਬੀਰ ਤੇ ਲੋਕਾਂ ਨੇ ਦੁੱਖ ਢੇਰ ਪਾਏ ਸਨ, ਸਰਦਾਰਾਂ ਨੇ ਰਲਕੇ ਉਸ ਨੂੰ ਗੱਦੀਓਂ ਉਤਾਰ ਚਾਇਆ, ਅਤੇ ਉਦਯ ਸਿੰਹ ਨੂੰ ਰਾਜ ਤਿਲਕ ਦਿੱਤਾ, ਅਰਮਾਨ ਇਹ ਹੈ, ਕਿ ਇਸ ਵਿਖੇ ਨਾ ਕੋਈ ਰਾਜਿਆਂ ਵਰਗਾ ਉੱਦਮ, ਨਾ ਰਾਜ-

ਤਾਂ ਜਿਹੀ ਵਰਿਆਮੀ, ਉਨ੍ਹਾਂ ਦਿਨਾਂ ਵਿਖੇ ਬਾਬਰ ਦਾ ਪੋਤਾ ਅਕਬਰ ਸ਼ਾਹ ਦਿੱਲੀ ਵਿਖੇ ਰਾਜ ਗੱਦੀ ਪੁਰ ਬੈਠ ਹਿੰਦੁਸਤਾਨ ਦਾ ਬਾਦਸ਼ਾਹ ਹੋ ਗਇਆ ਸਾ, ਜਿਨ੍ਹਾਂ ਜਿਨ੍ਹਾਂ ਵੈਰੀਆਂ ਨੈ ਸਾਮ੍ਹਣਾ ਕੀਤਾ, ਅਕਬਰ ਨੇ ਉਨ੍ਹਾਂ ਨੂੰ ਨਠਾ ਦਿੱਤਾ, ਅਤੇ ਰਾਜਪੂਤਾਨੇ ਵੱਲ ਮੂੰਹ ਕੀਤਾ, ਮੇਵਾੜ ਦੀ ਰਾਜਧਾਨੀ ਚਿਤੌੜ ਸੀ, ਅਤੇ ਇੱਥੋਂ ਦਾ ਗੜ੍ਹ ਵਡਾ ਪੱਕਾ ਅਤੇ ਸਾਰੇ ਧੁੰਮਿਆ ਹੋਇਆ ਸਾ, ਉਸ ਨੂੰ ਆ ਘੇਰਿਆ, ਉਦਯ ਸਿੰਹ ਤਾਂ ਉੱਥੋਂ ਨਿੱਕਲ ਗਇਆ, ਪਰ ਰਾਜਪੂਤ ਸਰਦਾਰ ਰਾਖੀ ਲਈ ਰਹ ਗਏ ਸਨ, ਓਹ ਜਾਨ ਤੇ ਹੱਥ ਧੋਕੇ ਚੰਗੇ ਲੜੇ, ਜਾਂ ਕੁਝ ਆਸ ਨਾ ਰਹੀ, ਤਾਂ ਨੌਂ ਰਾਣੀਆਂ, ਪੰਜ ਰਾਜ ਕੰਨਜਾਂ ਅਤੇ ਹੋਰ ਬਹੁਤ ਡ਼ੀਮਤਾਂ ਜੋ ਮਹਲ ਦੇ ਅੰਦਰ ਸਨ, ਸਾਰੀਆਂ ਸੜਕੇ ਸੁਆਹ ਦਾ ਢੇਰ ਹੋ ਗਈਆਂ, ਰਾਜਪੂਤ ਗੜ੍ਹ ਦਾ ਬੂਹਾ ਖੋਲ੍ਹਕੇ ਤਲਵਾਰਾਂ ਧੂਈਆਂ ਹੋਈਆਂ ਨਿੱਕਲੇ, ਅਤੇ ਉੱਥੇ ਬੋੱਟੀ ਬੋੱਟੀ ਹੋਕੇ ਮਰ ਗਏ ॥

ਉਦਯ ਸਿੰਹ ਚਿਤੌੜ ਨੂੰ ਛੱਡਕੇ ਅਰਬਲੀ ਪਰਬਤ ਪੁਰ ਜਾ ਰਿਹਾ, ਰਹਣ ਲਈ ਇੱਕ ਮਹਲ ਉਸਾਰਕੇ ਦੁਆਲੇ ਨਗਰ ਵਸਾਇਆ, ਉਹੋ ਉਦਯਪੁਰ ਹੈ, ਜੋ ਅੱਜ ਤਕ ਮੇਵਾੜ ਦੀ ਰਾਜਧਾਨੀ ਚਲਿਆ ਆਉਂਦਾ ਹੈ, ਜਦ ਉਹ ਮਰ ਗਇਆ,

ਤਾਂ ਉਸ ਦਾ ਪੁਤ੍ਰ ਪਰਤਾਪ ਗੱਦੀ ਪੁਰ ਬੈਠਾ, ਇਹ ਉਹੋ ਪਰਤਾਪ ਹੈ, ਜਿਸ ਦਾ ਨਾਉਂ ਅੱਜ ਤਕ ਰਾਜਪੂਤ ਫੁੱਲਕੇ ਲੈਂਦੇ ਹਨ॥

ਇਸ ਵੇਲੇ ਉਸ ਦੇ ਕੋਲ ਰਾਜ ਦਾ ਕੁਝ ਅਡੰਬਰ ਨਹੀਂ ਸਾ, ਆਇਆਂ ਦਿਨਾਂ ਦੀਆਂ ਹਾਰਾਂ ਨੇ ਭਰਾਵਾਂ ਅਤੇ ਸਾਕਾਂ ਦੇ ਮਨ ਤੋੜ ਦਿੱਤੇ ਸਨ, ਪਰ ਉਸ ਦੀ ਛਾਤੀ ਵਿਖੇ ਉਹੋ ਰਾਜਪੂਤੀ ਲਹੂ ਉਛਾਲਾਂ ਮਾਰ ਰਿਹਾ ਸਾ, ਅਤੇ ਕੈਂਹਦਾ ਸਾ, ਕਿ ਜੇ ਤਲਵਾਰ ਹੱਥ ਵਿੱਚ ਹੈ, ਤਾਂ ਚਿਤੌੜ ਦਾ ਛੁਡਾ ਲੈਣਾ ਕੇਹੜੀ ਵੱਡੀ ਗੱਲ ਹੈ, ਰਾਜਪੂਤਾਂ ਦੀ ਪਤ ਬਣੀ ਹੀ ਰੱਖਾਂਗੇ, ਅਤੇ ਪੇਉ ਦਾਦੇ ਦੇ ਨਾਉਂ ਨੂੰ ਉੱਜਲਾ ਕਰਾਂਗੇ, ਅਕਬਰ ਜੇਹੇ ਪਰਤਾਪਵਾਨ ਰਾਜੇ ਨਾਲ *ਆਹਡਾ ਸਾ, ਕਿ ਜਿਸ ਦੇ ਪਾਹ ਹਿੰਦੁਸਤਾਨ ਦੇ ਰਾਜ ਦੇ ਸਾਰੇ ਅਡੰਬਰ ਸਨ, ਅਤੇ ਉਸ ਵੇਲੇ ਤਕ ਹਿੰਦੁਸਤਾਨ ਦੇ ਸਿੰਹਾਸਣ ਪੁਰ ਅਜੇਹਾ ਬੁੱਧਿ-ਮਾਨ ਅਤੇ ਚਤੁਰ ਬਾਦਸ਼ਾਹ ਨਹੀਂ ਬੈਠਾ ਸਾ, ਕਈ ਰਾਜਪੂਤ ਰਾਜਿਆਂ ਨੇ ਉਸ ਕੋਲੋਂ ਹਾਰ ਪਾਈ, ਬਹੁਤੇ ਅਧੀਨ ਹੋ ਗਏ, ਉਨ੍ਹਾਂ ਨਾਲ ਚੰਗਾ ਵਰਤਿਆ, ਉਨ੍ਹਾਂ ਦੇ ਰਾਜ ਉਨ੍ਹਾਂ ਨੂੰ ਦਿੱਤੇ, ਪਰ ਬਾਦਸ਼ਾਹੀ ਦੇ ਤਾਬੇ ਰਹੇ, ਕਈਆਂ ਦਿਆਂ ਘਰਾਨਿਆਂ

---

*ਟਾਕਰਾ

ਵਿਖੇ ਅਕਬਰ ਨੇ ਵਿਵਾਹ ਕੀਤਾ, ਇਨ੍ਹਾਂ ਜਤਨਾਂ ਨਾਲ ਉਸ ਨੈ ਬਹੁਤ ਸਾਰਿਆਂ ਰਾਜਿਆਂ ਅਤੇ ਰਾਜਵਾੜਿਆਂ ਨੂੰ ਆਪਣਾ ਕਰ ਲਿਆ, ਪਰ ਪਰਤਾਪ ਨੈ ਅਧੀਨਗੀ ਨਾ ਲੀਤੀ, ਅਤੇ ਦੇਸ ਦੀ ਸਵਾਧੀਨਤਾ ਨੂੰ ਨਸਟ ਕਰਨਾ ਨਾ ਚਾਹਿਆ, ਇਸ ਪਰ ਹੋਰ ਰਾਜਪੂਤ ਰਾਜੇ ਉਸ ਤੇ ਜਲਕੇ ਲੜਨ ਨੂੰ ਸਾਮ੍ਹਣੇ ਹੋਏ॥

ਉਹ ਉੱਦਮੀ ਪੰਝੀ ਵਰ੍ਹੇ ਅਜੇਹੀਆਂ ਲੜਾਈਆਂ ਵਿਖੇ ਰੁੱਝਿਆ ਰਿਹਾ, ਜਿਨ੍ਹਾਂ ਵਿਖੇ ਉਸ ਦਾ ਬਲ ਵੈਰੀ ਦੇ ਬਲ ਦੇ ਅੱਗੇ ਪਾਸਕੂ ਬੀ ਨਾ ਸਾ; ਐਂਨੇ ਪੁਰ ਬੀ ਜੋ ਕਦੇ ਪੱਧਰ ਵਿਖੇ ਧਾਵੇ ਮਾਰਦਾ, ਅਤੇ ਜੋ ਸਾਮ੍ਹਣੇ ਆਉਂਦਾ, ਉਸ ਦਾ ਨਾਸ ਕਰਦਾ, ਕਦੇ ਇੱਕ ਪਰਬਤ ਪੁਰੋਂ ਦੂਜੇ ਪਰਬਤ ਪੁਰ ਜਾ ਨਿੱਕਲਦਾ, ਟੱਬਰ ਨੂੰ ਪਹਾੜੀ ਅੰਨ ਨਾਲ ਪਾਲਦਾ, ਜੇ ਉਹ ਬੀ ਨਾ ਹੁੰਦਾ ਤਾਂ ਜੰਗਲ ਦਿਆਂ ਫਲਾਂ ਨਾਲ ਨਿਰ-ਬਾਹ ਕਰਦਾ, ਅਕਬਰ ਬੀ ਉਸ ਦੀ ਮਰਦਊ ਅਤੇ ਵਰਿਆਮੀ ਨੂੰ ਮੰਨ ਗਇਆ, ਬਹੁਤ ਚਾਹਿਆ, ਕਿ ਪਤ ਨਾਲ ਸਲੂਕ ਕਰ ਲਏ, ਅਤੇ ਵਿਆਹ ਦਾ ਸਨੇਹਾ ਬੀ ਭੇਜਿਆ, ਪਰ ਉਸ ਨੈ ਇਹ ਬਿਪਤਿ ਨਾ ਚਾਈ, ਅਤੇ ਹਰ ਗੱਲ ਦਾ ਦੋ ਟੁੱਕ ਉੱਤਰ ਦੇ ਦਿੱਤਾ, ਜੋ ਜੋ ਜੁੱਧ ਉਸ ਨੈ ਜਿੱਤੇ, ਅੱਜ ਤਕ ਰਾਜਪੂਤਾਂ ਦਿਆਂ ਮੂੰਹਾਂ ਪੁਰ ਹਨ, ਉਨ੍ਹਾਂ ਵਿੱਚੋਂ ਹੀ ਹਲਦੀ

ਘਾਟ ਦੀ ਲੜਾਈ ਸੀ, ਉਸ ਵਿਖੇ ਅਚਰਜ ਤਰਾਂ ਨਾਲ ਵੈਰੀਆਂ ਦੇ ਹੱਥੋਂ ਬਚਿਆ॥

ਅਕਬਰ ਦਾ ਪੁਤ੍ਰ ਸਲੀਮ, ਵਡੀ ਜੰਗੀ ਫੌਜ ਅਤੇ ਭਾਰਾ ਤੋਪਖ਼ਾਨਾ ਲੈਕੇ ਹਲਦੀ ਘਾਟ ਦੇ ਪੱਧਰ ਵਿਖੇ ਉੱਤਰਿਆ ਹੋਇਆ ਸਾ, ਪਰਤਾਪ ਨੇ ਬਾਈ ਹਜਾਰ ਰਾਜਪੂਤ ਲੈਕੇ ਉਸ ਦਾ ਸਾਮ੍ਹਣਾ ਕੀਤਾ, ਅਤੇ ਇੱਕ ਘੱਟੀ ਪੁਰ ਰੋਕਿਆ, ਜੰਗ ਭੜਕਿਆ, ਉਹ ਆਪਣੇ ਅਸੀਲ ਘੋੜੇ ਪੁਰ ਜਿਸ ਦਾ ਨਾਉਂ ਚਟਕ ਸਾ, ਸਵਾਰ ਸਾ, ਜਿਧਿਰ ਲੜਾਈ ਦਾ ਘਮਸਾਣ ਦੇਖਦਾ ਸਾ, ਉਧਿਰ ਹੀ ਘੋੜਾ ਮਾਰਕੇ ਪਹੁੰਚਦਾ ਸਾ, ਓੜਕ ਨੂੰ ਬਾਦਸ਼ਾਹੀ ਘੋੜਚੜ੍ਹਿਆਂ ਅਤੇ ਸਿਪਾਹੀਆਂ ਨੂੰ ਕੱਟਦਾ ਫੱਟਦਾ ਸ਼ਾਹਜ਼ਾਦੇ ਤਕ ਜਾ ਪੁੱਜਾ, ਜੋ ਹੱਥੀ ਪੁਰ ਚੜ੍ਹਿਆ ਹੋਇਆ ਲਸ਼ਕਰ ਦੇ ਵਿਚਕਾਰ ਸੈਨਾਪਤਿ ਦਾ ਕੰਮ ਕਰ ਰਿਹਾ ਸਾ, ਉਹ ਮੌਤ ਦਾ ਨਸ਼ਾਨਾ ਸਾ, ਪਰ ਇੱਕ ਸੰਦੂਕੀ ਹੌਦੇ ਵਿੱਚ ਬੈਠਾ ਸਾ, ਜਿਸ ਪੁਰ ਫੁਲਾਦੀ ਚਾਦਰਾਂ ਮੜੀਆਂ ਹੋਈਆਂ ਸਨ, ਇਸ ਲਈ ਬਚ ਗਇਆ, ਪਰਤਾਪ ਦਾ ਜਤਨ ਅਕਾਰਥ ਸਾ, ਕਿ ਬਰਛੀ ਦੇ ਫਲ ਨਾਲ ਉਸ ਦਾ ਕੰਮ ਪੂਰਾ ਕਰਨਾ ਚਾਹਿਆ ਸਾ, ਅਸੀਲ ਘੋੜੇ ਨੇ ਬੀ ਆਪਣੇ ਸਵਾਰ ਦਾ ਚੰਗਾ ਸਾਥ ਕੀਤਾ, ਲੜਾਈ ਦਾ ਚਿਤ੍ਰ ਉਸ ਸਮਯ ਦਿਆਂ ਚਿਤ੍ਰ-

ਕਾਰਾਂ ਨੇ ਇਸ ਪ੍ਰਕਾਰ ਖਿੱਜਿਆ ਹੈ, ਕਿ ਘੋੜਾ ਸੀਖ ਪਾ ਹੈ, ਉਸ ਦਾ ਇੱਕ ਪੈਰ ਹੱਥੀ ਉੱਤੇ ਟਿਕਿਆ ਹੋਇਆ ਹੈ, ਅਤੇ ਪਰਤਾਪ ਸ਼ਾਹਜ਼ਾਦੇ ਪੁਰ ਬਰਛਾ ਮਾਰਿਆ ਚਾਹੁੰਦਾ ਹੈ॥

ਸਲੀਮ ਦੀ ਜਾਨ ਦਾ ਤਰਸੇਂਵਾ ਪੈ ਗਇਆ, ਪਰ ਹੱਥੀ-ਵਾਨ ਵਿਚਾਰੇ ਪੁਰ ਬਲਾ ਟਲ ਗਈ, ਹੱਥੀ ਅੜਕੇ ਨੱਠਾ, ਅਤੇ ਸਲੀਮ ਨੂੰ ਲੈਕੇ ਨਿੱਕਲ ਭੱਜਾ, ਫੇਰ ਬੀ ਰਾਜਪੂਤ ਅਤੇ ਬਾਦਸ਼ਾਹੀ ਸਿਪਾਹੀ ਵਡੀ ਧੂਮਧਾਮ ਨਾਲ ਉੱਥੇ ਹੀ ਲੜਦੇ ਰਹੇ, ਪਰਤਾਪ ਨੇ ਸੱਤ ਫੱਟ ਖਾਧੇ, ਤ੍ਰੈ ਵਾਰ ਘੇਰੇ ਵਿੱਚ ਆਇਆ, ਅਤੇ ਨਿੱਕਲ ਗਿਆ, ਛੇਕੜ ਦੀ ਵਾਰੀ ਝੁੱਕ ਪਿਆ ਸਾ, ਕਿ ਕੰਮ ਪੂਰਾ ਹੋ ਜਾਏ, ਇਹ ਹਾਲ ਵੇਖਕੇ ਝੱਲਾ-ਵਾਰ ਦੇ ਸਰਦਾਰ ਨੇ ਚਾਹਿਆ, ਕਿ ਭਾਵੇਂ ਆਪਣੀ ਜਾਨ ਚਲੀ ਜਾਏ, ਪਰ ਪਰਤਾਪ ਕਿਸੇ ਤਰਾਂ ਬਚ ਜਾਏ, ਉਸ ਨੇ ਪਰਤਾਪ ਦੇ ਰਾਜੇਪੁਣੇ ਦਾ ਚਿਨ੍ਹ ਅਰਥਾਤ ਸੂਰਜਮੁਖੀ ਲੈ, ਇੱਕ ਪੱਸੇ ਨੂੰ ਤੁਰ ਪਿਆ, ਬਾਦਸ਼ਾਹੀ ਸਿਪਾਹੀਆਂ ਨੇ ਜਾਣਿਆ, ਕਿ ਪਰਤਾਪ ਇਹੋ ਹੈ, ਸਾਰੇ ਉਸੇ ਪੱਸੇ ਨੂੰ ਟੁੱਟ ਪਏ, ਅਤੇ ਸੰਗ ਦੀ ਭੀੜ ਉਧਿਰ ਜਾ ਪਈ, ਉਹ ਵਿਚਾਰਾ ਆਪਣਿਆਂ ਸਾਥੀਆਂ ਸਣੇ ਉੱਥੇ ਹੀ ਕੰਮ ਆਇਆ, ਪਰ ਪਰਤਾਪ ਜਿੱਥੇ ਘੇਰੇ ਵਿੱਚ ਆਇਆ ਸਾ, ਉੱਥੋਂ ਸੁੱਕਾ ਨਿੱਕਲ ਗਿਆ, ਰਾਜ-

ਪੁਤ ਐਵੇਂ ਲੜ ਲੜ ਮਰੇ, ਅਤੇ ਬਾਈਆਂ ਹਜਾਰਾਂ ਜੁਆਨਾਂ ਵਿੱਚੋਂ ਨਿਰੇ ਅੱਠ ਹਜਾਰ ਜੀਉਂਦੇ ਬਚੇ॥

ਹੁਣ ਪਰਤਾਪ ਇਕੱਲਾ ਰਣ ਵਿੱਚੋਂ ਤੁਰਿਆ, ਘਾਂਵਾਂ ਨਾਲ ਮੁੱਕਿਆ ਹੋਇਆ ਸਾ, ਅਤੇ ਦਰਦੀ ਚਟਕ ਪੁਰ ਸਵਾਰ ਸਾ, ਦੋ ਮੁਸਲਮਾਨ ਸਰਦਾਰਾਂ ਨੈ ਸਿਆਣਕੇ ਉਸਦੇ ਮਗਰ ਘੋੜੇ ਸਿੱਟੇ, ਉਨ੍ਹਾਂ ਦੇ ਘੋੜੇ ਉਸ ਨੂੰ ਲਿੱਤਾ ਚਾਹੁੰਦੇ ਸਨ, ਕਿ ਇੱਕ ਪਹਾੜੀ ਨਾਲਾ ਸਾਮਣੇ ਆਇਆ, ਵਰਿਆਮ ਚਟਕ ਉਸ ਪੁਰੋਂ ਸਾਫ਼ ਟੱਪ ਗਇਆ, ਅਤੇ ਵੈਰੀ ਪਿੱਛੇ ਰਹ ਗਏ, ਪਰ ਇਹ ਢਿੱਲ ਕੋਈ ਪਲ ਹੀ ਦੀ ਸੀ, ਨਾਲਾ ਲੰਘਕੇ ਵੈਰੀ ਫੇਰ ਪਿੱਛੇ ਆ ਲੱਗੇ, ਚਟਕ ਬੀ ਦਿਨ ਭਰ ਦੀ ਖੇਚਲ ਨਾਲ ਹਾਰਿਆ ਟੁੱਟਿਆ ਹੋਇਆ ਸਾ, ਅਤੇ ਆਪਣੇ ਸਵਾਰ ਵਾਕਰ ਫੱਟਿਆ ਹੋਇਆ ਸਾ, ਹੁਣ ਉਸ ਦਾ ਬਲ ਘਟਣ ਲੱਗਾ, ਪਰਤਾਪ ਨੂੰ ਬਚਣ ਦੀ ਆਸ ਨਾ ਰਹੀ, ਮਾਰ ਮਾਰ ਕਰਦੇ ਵੈਰੀ ਚਲੇ ਆਉਂਦੇ ਸਨ, ਪੱਥਰਾਂ ਪੁਰ ਘੋੜਿਆਂ ਦਿਆਂ ਸੁੰਬਾਂ ਦੀ ਖੜਖੜਾਹਟ ਤੇ ਪਰਤੀਤ ਹੁੰਦਾ ਸਾ, ਕਿ ਹੁਣ ਆ ਪਹੁੰਚੇ, ਅਚਾਣਕ ਇੱਕ ਰਾਜਪੂਤ ਦੀ ਅਵਾਜ ਆਈ, ਉਹ ਨੀਲੇ ਘੋੜੇ ਦਾ ਸਵਾਰ ਸਾ, ਭੌਂਕੇ ਵੇਖੇ ਤਾਂ ਇੱਕੋ ਸਵਾਰ ਹੈ, ਅਤੇ ਉਹ ਸਿਕਟ ਉਸ ਦਾ ਭਰਾਉ ਹੈ॥

ਸਿਕਟ ਨਿੱਕੇ ਹੁੰਦਿਆਂ ਕਿਸੇ ਗੱਲੋਂ ਰੁੱਸਕੇ ਘਰੋਂ ਨਿਕਲ
ਇਆ ਸਾ, ਅਤੇ ਅਜੇਹਾ ਬਿਗੜਿਆ ਸਾ, ਕਿ ਭਰਾ[illegible] ਦੇ
ਲ ਰਾਜ ਤੇ ਬੀ ਉਦਾਸ ਹੋ ਗਇਆ ਸਾ, ਅਕਬਰ ਦੀ
ਜ ਵਿਖੇ ਆਕੇ ਨੌਕਰ ਹੋਇਆ ਸਾ, ਅਤੇ ਆਪਣਿਆਂ ਹੀ
ਾਈਆਂ ਭਰਾਵਾਂ ਨਾਲ ਘੁਲਦਾ ਰੰਹਦਾ, ਪਰ ਇਸ ਵੇਲੇ
ਂ ਰਣ ਵਿਖੇ ਭਰਾਉ ਦੀ ਵਰਿਆਮੀ ਅਤੇ ਦਿਲੇਰੀ ਡਿੱਠੀ,
ਉਸ ਦਾ ਮਨ ਭਰ ਆਇਆ, ਫੇਰ ਦੋ ਵੈਰੀ ਉਸ ਦੇ
ਗਰ ਡਿੱਠੇ, ਅਤੇ ਉਹ ਅਰ ਘੋੜਾ ਦੋਵੇਂ ਘਾਇਲ ਸਨ,
ਸਕਟ ਲਹੂ ਦੇ ਉਛਾਲੇ ਨਾਲ ਬਜਾਕੁਲ ਹੋਕੇ ਨੱਠਾ, ਦੋਹਾਂ
ਸਵਾਰਾਂ ਨੂੰ ਮਾਰ ਢਾਇਆ, ਅਤੇ ਇੱਕ ਜੁਗ ਮਗਰੋਂ ਦੋਵੇਂ
ਭਰਾਉ ਫੇਰ ਬਾਹਾਂ ਪਸਾਰ ਗਲ ਮਿਲੇ, ਐਨੇ ਨੂੰ ਚਟਕ
ਬੇਸੁਧ ਹੋਕੇ ਡਿਗਪਿਆ, ਅਤੇ ਡਿਗਦੇ ਸਾਰ ਪ੍ਰਾਣ ਨਿੱਕਲ
ਗਏ। ਸਿਕਟ ਨੇ ਆਪਣਾ ਘੋੜਾ ਦਿੱਤਾ, ਅਤੇ ਐਨਾ ਕਹਕੇ
ਵਿਦਿਆ ਹੋਇਆ, ਕਿ ਕੋਈ ਸਮਾਗਮ ਢੁੱਕਾ ਤਾਂ ਫੇਰ ਆ
ਮਿਲਾਂਗਾ॥

ਬਾਦਸ਼ਾਹੀ ਫੌਜ ਵਿਖੇ ਸਭ ਖੜੇ ਵੇਖ ਰਹੇ ਸੇ, ਕਿ ਹੁਣੇ
ਾਡੇ ਸਵਾਰ ਪਰਤਾਪ ਨੂੰ ਬੰਨ੍ਹਕੇ ਲਈ ਆਉਂਦੇ ਹਨ, ਸਿਕਟ
ਇਕੱਲਾ ਆਉਂਦਾ ਦੇਖਕੇ ਹਰਾਨ ਹੋਏ, ਅਤੇ ਸਿੱਧਾ ਸ਼ਾਹ-

ਜ਼ਾਦੇ ਦੇ ਸਾਮਣੇ ਲੈ ਗਏ, ਉਸ ਨੇ ਪੁੱਛਿਆ, ਕਿ ਸਾਡੇ ਸਰਦਾਰ ਕੀ ਹੋਏ ? ਬੇਨਤੀ ਕੀਤੀ, ਕਿ ਪਰਤਾਪ ਉਨ੍ਹਾਂ ਨੂੰ ਮਾਰਕੇ ਨਿੱਕਲ ਗਇਆ, ਸਗੋਂ ਮੇਰਾ ਘੋੜਾ ਬੀ ਮਾਰਿਆ ਗਇਆ, ਮੈਂ ਉਨ੍ਹਾਂ ਵਿੱਚੋਂ ਹੀ ਇੱਕ ਦੇ ਘੋੜੇ ਪੁਰ ਚੜ੍ਹਕੇ ਆਇਆ ਹਾਂ। ਸਲੀਮ ਨੂੰ ਪਰਤੀਤ ਨਾ ਆਈ, ਵੱਖਰਾ ਲੈ ਜਾਕੇ ਪੁੱਛਿਆ, ਕਿ ਸੱਚ ਸੱਚ ਕਹੁ, ਤੇਰਾ ਅਪਰਾਧ ਬੀ ਹੋਇਗਾ ਤਾਂ ਛਮਾ ਕਰ ਦਿਆਂਗਾ। ਜੋ ਹਾਲ ਸਾ, ਸਿਕਟ ਨੇ ਪੂਰਾ ਪੂਰਾ ਕਹ ਦਿੱਤਾ। ਸਲੀਮ ਬੀ ਬਚਨਾਂ ਦਾ ਪੂਰਾ ਸਾ, ਸਿਕਟ ਨੂੰ ਕੁਝ ਨਾ ਕਿਹਾ, ਪਰ ਲਸ਼ਕਰ ਤੇ ਵਿਦਿਆ ਕਰ ਦਿੱਤਾ ਅਤੇ ਉਹ ਆਪਣੇ ਭਰਾਉ ਨਾਲ ਜਾ ਮਿਲਿਆ॥

---

ਸੰਨ ਸਹਸ੍ ਅੱਠ ਸੈ ਅੱਸੀ, ਮਾਹ ਜੁਲਾਈ ਭਾਲ।
ਉਰਦੂ ਤੇ ਉਲਟਾਈ ਹੈ, ਪੁਰੀ ਬਿਹਾਰੀ ਲਾਲ॥

---

ਸ੍ਰੀ ਯੁਤ ਮੁਨਸ਼ੀ ਗੁਲਾਬਸਿੰਘ ਕੀ, ਆਗਜ਼ਾ ਅਨੁਸਾਰ ਤੇ
ਸੋਧੀ ਹਰੀ ਹਜ਼ੂਰ ਨੇ, ਛਪੀ ਦੂਸਰੀ ਬਾਰ।

॥ਪੂਰੀ ਹੋਈ॥

NED Pilot P...